# ਤੁਸੀਂ ਕਿਵੇਂ ਮਦਦ ਕਰ ਸਕਦੇ ਹੋ

# ਉਨ੍ਹਾਂ ਬਾਲਗਾਂ ਦੀ ਮਦਦ ਕਰਨ ਲਈ ਚੋਣਾਂ ਜਿਹੜੇ ਆਪਣੇ ਵਿੱਤੀ ਅਤੇ ਕਾਨੂੰਨੀ ਕੰਮ ਨਹੀਂ ਕਰ ਸਕਦੇ

PUBLIC GUARDIAN AND TRUSTEE OF BRITISH COLUMBIA

**ਜ਼ਰੂਰੀ ਨੋਟ:** ਪਬਲਿਕ ਗਾਰਡੀਅਨ ਐਂਡ ਟਰੱਸਟੀ ਇਹ ਜਾਣਕਾਰੀ ਤੁਹਾਨੂੰ ਉਨ੍ਹਾਂ ਚੋਣਾਂ ਬਾਰੇ ਦੱਸਣ ਲਈ ਦੇ ਰਿਹਾ ਹੈ ਜਿਹੜੀਆਂ ਉਨ੍ਹਾਂ ਬਾਲਗਾਂ ਦੀ ਮਦਦ ਕਰਨ ਲਈ ਉਪਲਬਧ ਹਨ ਜਿਨ੍ਹਾਂ ਦਾ ਤੁਸੀਂ ਫਿਕਰ ਕਰਦੇ ਹੋ ਤਾਂ ਜੋ ਇਹ ਪੱਕਾ ਹੋਵੇ ਕਿ ਉਨ੍ਹਾਂ ਦੇ ਵਿੱਤੀ ਅਤੇ ਕਾਨੂੰਨੀ ਕੰਮ ਉਨ੍ਹਾਂ ਦੇ ਬਿਹਤਰ ਹਿੱਤਾਂ ਵਿਚ ਅਤੇ ਉਨ੍ਹਾਂ ਦੀਆਂ ਕਦਰਾਂ-ਕੀਮਤਾਂ ਅਤੇ ਇੱਛਾਵਾਂ ਮੁਤਾਬਕ ਕੀਤੇ ਜਾਣਗੇ। ਇਹ ਗਾਈਡ ਕਾਨੂੰਨੀ ਸ਼ਰਤਾਂ ਬਾਰੇ ਦੱਸਦੀ ਹੈ ਪਰ ਇਹ ਕਾਨੂੰਨੀ ਸਲਾਹ ਨਹੀਂ ਹੈ। ਇਹ ਇਕ ਆਮ ਜਾਣਕਾਰੀ ਹੈ ਅਤੇ ਇਹ ਕਿਸੇ ਪੇਸ਼ਾਵਰ ਕਾਨੂੰਨੀ ਸਲਾਹ ਦਾ ਬਦਲ ਨਹੀਂ ਹੈ। ਕਾਨੂੰਨ ਬਾਰੇ ਜਾਂ ਇਸ ਲਿਖਤ ਵਿਚ ਵਿਚਾਰੀਆਂ ਗਈਆਂ ਚੋਣਾਂ ਅਪਣਾਉਣ ਬਾਰੇ ਜੇ ਤੁਹਾਨੂੰ ਕਾਨੂੰਨੀ ਸਲਾਹ ਦੀ ਲੋੜ ਹੋਵੇ ਤਾਂ ਕਿਸੇ ਨੋਟਰੀ ਜਾਂ ਵਕੀਲ ਨਾਲ ਜਾਂ ਆਪਣੇ ਲੋਕਲ ਕਮਿਉਨਟੀ ਲਾਅ ਆਫਿਸ ਨਾਲ ਸੰਪਰਕ ਕਰੋ।

# ਤੁਸੀਂ ਕਿਵੇਂ ਮਦਦ ਕਰ ਸਕਦੇ ਹੋ

## ਉਨ੍ਹਾਂ ਬਾਲਗਾਂ ਦੀ ਮਦਦ ਕਰਨ ਲਈ ਚੋਣਾਂ ਜਿਹੜੇ ਆਪਣੇ ਵਿੱਤੀ ਅਤੇ ਕਾਨੂੰਨੀ ਕੰਮ ਨਹੀਂ ਕਰ ਸਕਦੇ

ਵਿਸ਼ਾ-ਵਸਤ


ਏ. ਜਾਣ-ਪਛਾਣ 4

ਬੀ. ਗੈਰਰਸਮੀ ਚੋਣਾਂ 6

ਸੀ. ਨਿੱਜੀ ਪਲੈਨਿੰਗ ਦੀਆਂ ਚੋਣਾਂ 8

ਸੀ 1. ਇੰਡੂਅਰਿੰਗ ਪੌਵਰ ਔਫ ਅਟਾਰਨੀ (ਈ ਪੀ ਓ ਏ) 8

ਸੀ 2. ਵਿੱਤੀ ਮਾਮਲਿਆਂ ਦੇ ਨਿੱਤ ਦੇ ਪ੍ਰਬੰਧ ਲਈ ਨੁਮਾਇੰਦਗੀ ਦਾ ਐਗਰੀਮੈਂਟ (ਫਾਇਨੈਂਸ਼ਲ ਆਰ ਏ 7) 12

ਡੀ. ਹੋਰ ਕਾਨੂੰਨੀ ਚੋਣਾਂ 17

ਡੀ 1. ਫੈਡਰਲ ਸਰਕਾਰ ਦਾ ਪੈਨਸ਼ਨ ਟਰੱਸਟੀ 17

ਡੀ 2. ਕਮੇਟੀ ਔਫ ਇਸਟੇਟ 18

ਈ. ਜਦੋਂ ਬੁਰੇ ਵਰਤਾਉ, ਅਣਗਹਿਲੀ ਜਾਂ ਸਵੈ-ਅਣਗਹਿਲੀ ਬਾਰੇ ਤੁਹਾਡੇ ਫਿਕਰ ਹੋਣ 21

ਮਦਦ ਕਰਨ ਵਾਲੇ ਲਿੰਕ 22

ਸਾਡੇ ਨਾਲ ਸੰਪਰਕ ਕਰੋ ਪਿਛਲਾ ਕਵਰ

# ਏ. ਜਾਣ-ਪਛਾਣ

ਪਬਲਿਕ ਗਾਰਡੀਅਨ ਐਂਡ ਟਰੱਸਟੀ (ਪੀ ਜੀ ਟੀ) ਉਨ੍ਹਾਂ ਲੋਕਾਂ ਦੇ ਹਿੱਤਾਂ ਦੀ ਰਾਖੀ ਕਰਨ ਲਈ ਸੂਬੇ ਦੇ ਕਾਨੂੰਨ ਹੇਠ ਕੰਮ ਕਰਦਾ ਹੈ ਜਿਹੜੇ ਆਪਣੀ ਰਾਖੀ ਆਪ ਨਹੀਂ ਕਰ ਸਕਦੇ, ਜਿਸ ਵਿਚ 19 ਸਾਲ ਤੋਂ ਘੱਟ ਉਮਰ ਦੇ ਬੱਚੇ, ਉਹ ਬਾਲਗ ਜਿਨ੍ਹਾਂ ਨੂੰ ਫੈਸਲੇ ਕਰਨ ਵਿਚ ਮਦਦ ਦੀ ਲੋੜ ਹੈ ਅਤੇ ਮ੍ਰਿਤਕ ਅਤੇ ਗੁੰਮਸ਼ੁਦਾ ਲੋਕ ਸ਼ਾਮਲ ਹਨ।

ਹਰ ਸਾਲ, ਬਹੁਤ ਸਾਰੇ ਲੋਕ ਇਹ ਜਾਣਨ ਲਈ ਪੀ ਜੀ ਟੀ ਨੂੰ ਫੋਨ ਕਰਦੇ ਹਨ ਕਿ ਉਹ ਉਨ੍ਹਾਂ ਬਾਲਗਾਂ ਦੀ ਮਦਦ ਕਰਨ ਲਈ ਕੀ ਕਰ ਸਕਦੇ ਹਨ ਜਿਹੜੇ ਆਪਣੇ ਵਿੱਤੀ ਅਤੇ ਕਾਨੂੰਨੀ ਕੰਮ ਆਪਣੇ ਆਪ ਨਹੀਂ ਕਰ ਸਕਦੇ।

ਭਾਵੇਂ ਕਿ ਪੀ ਜੀ ਟੀ ਮਦਦ ਕਰਨ ਲਈ ਦਖਲ ਦੇ ਸਕਦਾ ਹੈ ਪਰ, ਬਹੁਤੀ ਗਿਆਨਵਾਨ, ਖਿਆਲ ਰੱਖਣ ਵਾਲੀ ਅਤੇ ਹਮਦਰਦੀ ਪੂਰਬਕ ਮਦਦ ਪਰਿਵਾਰ ਅਤੇ ਦੋਸਤਾਂ ਤੋਂ ਮਿਲਦੀ ਹੈ।

ਇਹ ਗਾਈਡ ਮੌਜੂਦ ਚੋਣਾਂ ਬਾਰੇ ਦੱਸਦੀ ਹੈ।

ਸਾਨੂੰ ਆਸ ਹੈ ਕਿ ਇਹ ਤੁਹਾਡੇ ਬਹੁਤੇ ਸਵਾਲਾਂ ਦੇ ਜਵਾਬ ਦੇਵੇਗੀ ਅਤੇ ਮਦਦ ਦੀ ਲੋੜ ਵਾਲੇ ਕਿਸੇ ਵਿਅਕਤੀ ਲਈ ਸੁਰੱਖਿਅਤ ਅਤੇ ਮਹਿਫੂਜ਼ ਭਵਿੱਖ ਦੀ ਪਲੈਨ ਬਣਾਉਣ ਵਿਚ ਤੁਹਾਡੀ ਮਦਦ ਕਰੇਗੀ।

## ਵਿੱਤੀ ਮਾਮਲਿਆਂ ਦੇ ਪ੍ਰਬੰਧ ਲਈ ਚੋਣਾਂ

ਜਿਹੜੇ ਬਾਲਗਾਂ ਨੂੰ ਆਪਣੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਵਿਚ ਮੁਸ਼ਕਲ ਆਉਂਦੀ ਹੈ ਉਹ ਸਾਡੇ ਸਮਾਜ ਵਿਚ ਖਤਰੇ ਵਿਚ ਹੁੰਦੇ ਹਨ।

ਬੈਂਕਾਂ ਦੇ ਅਤੇ ਕਾਨੂੰਨ ਨਾਲ ਸੰਬੰਧਿਤ ਆਮ ਕੰਮ ਕਰਨਾ ਔਖਾ ਜਾਂ ਅਸੰਭਵ ਹੋ ਸਕਦਾ ਹੈ।

ਉਨ੍ਹਾਂ ਨੂੰ ਬੈਂਕ ਅਕਾਊਂਟਾਂ ਦਾ ਚੇਤਾ ਭੁੱਲ ਸਕਦਾ ਹੈ, ਉਹ ਆਪਣੇ ਬਿੱਲ ਦੇਣਾ ਭੁੱਲ ਸਕਦੇ ਹਨ ਜਾਂ ਉਨ੍ਹਾਂ ਨੂੰ ਸੌਖਿਆਂ ਹੀ ਆਪਣੀ ਪ੍ਰਾਪਰਟੀ ਅਜਨਬੀਆਂ ਨੂੰ ਦੇਣ ਲਈ ਰਾਜ਼ੀ ਕੀਤਾ ਜਾ ਸਕਦਾ ਹੈ।

ਕਦੇ ਕਦੇ ਅੱਜ ਮਦਦ ਦੀ ਲੋੜ ਨਹੀਂ ਹੁੰਦੀ ਪਰ ਬਾਲਗ ਫਿਕਰਮੰਦ ਹੋ ਸਕਦੇ ਹਨ ਕਿ ਭਵਿੱਖ ਵਿਚ ਮਦਦ ਦੀ ਲੋੜ ਪੈ ਸਕਦੀ ਹੈ। ਤੁਸੀਂ ਮਦਦ ਕਰ ਸਕਦੇ ਹੋ।

ਇਹ ਗਾਈਡ ਕਈ ਤਰ੍ਹਾਂ ਦੇ ਫਿਕਰਾਂ ਨਾਲ ਸਿੱਝਣ ਲਈ ਕਈ ਚੋਣਾਂ ਦੱਸੇਗੀ ਜੋ ਕਿ ਰਸਮੀ ਪ੍ਰਬੰਧ ਕਰਨ ਲਈ ਕਿਸੇ ਦੀ ਅਗਾਊਂ ਪਲੈਨ ਬਣਾਉਣ ਵਿਚ ਮਦਦ ਕਰਨ ਤੋਂ ਲੈ ਕੇ ਅਤੇ, ਜੇ ਲੋੜ ਹੋਵੇ ਤਾਂ ਅਧਿਕਾਰੀਆਂ ਨੂੰ ਰਿਪੋਰਟ ਕਰਨ ਤੱਕ ਵੱਖ ਵੱਖ ਹੋਣਗੀਆਂ, ਜੇ ਤੁਹਾਨੂੰ ਵਿੱਤੀ ਬੁਰੇ ਵਰਤਾਉ ਦੀ ਸ਼ੱਕ ਪਵੇ।

ਸਭ ਤੋਂ ਢੁਕਵੀਂ ਚੋਣ ਬਾਲਗ ਦੇ ਨਿੱਜੀ ਫਿਕਰਾਂ, ਲੋੜਾਂ ਅਤੇ ਹਾਲਾਤਾਂ 'ਤੇ ਨਿਰਭਰ ਕਰੇਗੀ।

ਉਨ੍ਹਾਂ ਹਾਲਾਤਾਂ ਦੀਆਂ ਉਦਾਹਰਣਾਂ ਜਿੱਥੇ ਕਿਸੇ ਬਾਲਗ ਨੂੰ ਮਦਦ ਦੀ ਲੋੜ ਹੋ ਸਕਦੀ ਹੈ ਅੱਗੇ ਦਿੱਤੀਆਂ ਗਈਆਂ ਹਨ।

| ਫਿਕਰ | ਵਿਚਾਰਨ ਵਾਲੀਆਂ ਚੋਣਾਂ |
|---|---|
| ਕੋਈ ਬਾਲਗ ਸਮਰੱਥ ਹੈ ਪਰ ਭਵਿੱਖ ਬਾਰੇ ਫਿਕਰਮੰਦ ਹੈ ਅਤੇ ਫੈਸਲੇ ਕਰਨ ਲਈ ਕਿਸੇ ਦਾ ਪ੍ਰਬੰਧ ਕਰਨਾ ਚਾਹੁੰਦਾ ਹੈ | ਕੋਈ ਬਾਲਗ ਕੋਈ ਕਾਨੂੰਨੀ ਪੇਪਰ (ਡਾਕੂਮੈਂਟ) ਬਣਾ ਕੇ ਪਹਿਲਾਂ ਹੀ ਪਲੈਨ ਬਣਾ ਸਕਦਾ ਹੈ ਜਿਹੜਾ ਕਿਸੇ ਹੋਰ ਨੂੰ ਫੈਸਲੇ ਕਰਨ ਦਾ ਅਧਿਕਾਰ ਦਿੰਦਾ ਹੈ। ਬੀ ਸੀ ਵਿਚ **ਪਲੈਨਿੰਗ ਦੀਆਂ ਨਿੱਜੀ ਚੋਣਾਂ** ਹਨ:<br>• **ਇੰਡਿਉਰਿੰਗ ਪੌਵਰ ਔਫ ਅਟਾਰਨੀ**<br>• **ਆਮ ਵਿੱਤੀ ਮਾਮਲਿਆਂ ਲਈ ਨੁਮਾਇੰਦਗੀ ਦਾ ਐਗਰੀਮੈਂਟ**<br>• **ਕਮੇਟੀ ਦੀ ਨਿਯੁਕਤੀ** (ਨੌਮੀਨੇਸ਼ਨ ਔਫ ਕਮੇਟੀ) ਉਸ ਵਿਅਕਤੀ ਦੀ ਪਛਾਣ ਕਰਦਾ ਹੈ ਜਿਸ ਨੂੰ ਬਾਲਗ ਚਾਹੁੰਦਾ ਹੈ ਕਿ ਜੇ ਲੋੜ ਪੈ ਜਾਵੇ ਤਾਂ ਅਦਾਲਤ ਉਸ ਨੂੰ ਕਮੇਟੀ ਔਫ ਇਸਟੇਟ ਨਿਯੁਕਤ ਕਰੇ। |

| ਫਿਕਰ | ਵਿਚਾਰਨ ਵਾਲੀਆਂ ਚੋਣਾਂ |
|---|---|
| ਬਾਲਗ ਸਮਰੱਥ ਹੈ ਪਰ ਉਸ ਨੂੰ ਪੇਪਰਾਂ 'ਤੇ ਦਸਖਤ ਕਰਨ, ਬੈਂਕਾਂ ਦੇ ਕੰਮ ਕਰਨ, ਬਿੱਲ ਦੇਣ ਅਤੇ ਟੈਕਸ ਰੀਟਰਨਾਂ ਵਿਚ ਮਦਦ ਦੀ ਲੋੜ ਹੈ | ਕਦੇ ਕਦੇ ਸਿਰਫ ਗੈਰਰਸਮੀ ਚੋਣਾਂ ਦੀ ਹੀ ਲੋੜ ਹੁੰਦੀ ਹੈ। ਭਾਵੇਂ ਬਾਲਗ ਨੇ ਇੰਡੁਅਰਿੰਗ ਪੌਵਰ ਔਫ ਅਟਾਰਨੀ (ਜਾਰੀ ਰਹਿਣ ਵਾਲਾ ਮੁਖਤਾਰਨਾਮਾ) ਜਾਂ ਨੁਮਾਇੰਦਗੀ ਦਾ ਐਗਰੀਮੈਂਟ (ਰੈਪਰੇਜ਼ਿਨਟੇਸ਼ਨ ਐਗਰੀਮੈਂਟ) ਬਣਾਇਆ ਵੀ ਹੋਵੇ, ਅਟਾਰਨੀ ਜਾਂ ਨੁਮਾਇੰਦੇ ਲਈ ਕੰਮ ਕਰਨਾ ਸ਼ੁਰੂ ਕਰਨਾ ਜ਼ਰੂਰੀ ਜਾਂ ਢੁਕਵਾਂ ਨਹੀਂ ਹੋ ਸਕਦਾ ਹੈ। **ਗੈਰਰਸਮੀ ਚੋਣਾਂ** ਵਿਚ ਸ਼ਾਮਲ ਹਨ:<br>• ਵਿੱਤੀ ਸੰਸਥਾਵਾਂ ਸਿੱਧੇ ਡਿਪਾਜ਼ਿਟ ਅਤੇ ਬਿੱਲਾਂ ਦੀ ਆਟੋਮੈਟਿਕ ਪੇਮੈਂਟ ਦਾ ਪ੍ਰਬੰਧ ਕਰਨ ਵਿਚ ਮਦਦ ਕਰਨ ਦੇ ਯੋਗ ਹੋ ਸਕਦੀਆਂ ਹਨ।<br>• ਟੈਕਸ ਕਲੀਨਿਕ ਟੈਕਸ ਰੀਟਰਨਾਂ ਵਿਚ ਮਦਦ ਕਰ ਸਕਦੇ ਹਨ ਅਤੇ ਇਹ ਪੱਕਾ ਕਰ ਸਕਦੇ ਹਨ ਕਿ ਸਾਰੇ ਟੈਕਸ ਰੀਫੰਡ ਅਤੇ ਕਰੈਡਿਟ ਕਲੇਮ ਕੀਤੇ ਗਏ ਹਨ।<br>• ਫਾਇਨੈਂਸ਼ਲ (ਵਿੱਤੀ) ਪਲੈਨਰ, ਟਰੱਸਟ ਕੰਪਨੀਆਂ, ਅਕਾਊਂਟਿੰਗ ਫਰਮਾਂ ਅਤੇ ਲਾਅ ਫਰਮਾਂ ਸਲਾਹ ਦੇਣ ਅਤੇ/ ਜਾਂ ਮਦਦ ਕਰਨ ਦੇ ਯੋਗ ਹੋ ਸਕਦੀਆਂ ਹਨ।<br>• ਬਾਲਗ ਦੀਆਂ ਖਾਸ ਲੋੜਾਂ ਅਤੇ ਹਾਲਤਾਂ ਨੂੰ ਪੂਰਾ ਕਰਨ ਲਈ ਕਮਿਉਨਟੀ ਏਜੰਸੀਆਂ ਸੇਵਾਵਾਂ ਦੀ ਪਛਾਣ ਕਰਨ ਵਿਚ ਮਦਦ ਕਰ ਸਕਦੀਆਂ ਹਨ। |
| ਕੋਈ ਬਾਲਗ ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਦੇ ਯੋਗ ਨਹੀਂ ਹੈ ਅਤੇ ਉਸ ਦੀ ਇੱਕੋ ਇਕ ਆਮਦਨ ਇਕ ਜਾਂ ਜ਼ਿਆਦਾ ਫੈਡਰਲ ਪੈਨਸ਼ਨਾਂ ਹਨ | ਜੇ ਬਾਲਗ ਨੂੰ ਸਿਰਫ ਫੈਡਰਲ ਪੈਨਸ਼ਨ ਤੋਂ ਹੀ ਆਮਦਨ ਮਿਲ ਰਹੀ ਹੈ (ਸੀ ਪੀ ਪੀ, ਓ ਏ ਐੱਸ, ਜੀ ਆਈ ਐੱਸ), ਕੋਈ ਭਰੋਸੇਯੋਗ ਵਿਅਕਤੀ, ਜਿਹੜਾ ਪੈਸਿਆਂ ਬਾਰੇ ਜ਼ਿੰਮੇਵਾਰ ਹੈ **ਪੈਨਸ਼ਨ ਟਰੱਸਟੀ** ਬਣਨ ਲਈ ਅਪਲਾਈ ਕਰ ਸਕਦਾ ਹੈ ਤਾਂ ਜੋ ਉਹ ਬਾਲਗ ਦੀ ਤਰਫੋਂ ਪੈਨਸ਼ਨ ਦੇ ਪੈਸੇ ਲੈ ਸਕੇ ਅਤੇ ਬਿੱਲ ਦੇ ਸਕੇ। |
| ਕੋਈ ਬਾਲਗ ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਦੇ ਯੋਗ ਨਹੀਂ ਹੈ ਅਤੇ ਇਸ ਚੀਜ਼ ਦੀ ਲੋੜ ਹੈ ਕਿ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਲਈ ਕਿਸੇ ਕੋਲ ਕਾਨੂੰਨੀ ਅਧਿਕਾਰ ਹੋਵੇ | ਜੇ ਕੋਈ ਬਾਲਗ ਅਸਮਰੱਥ ਹੈ ਅਤੇ ਉਸ ਨੇ **ਇੰਡੁਅਰਿੰਗ ਪੌਵਰ ਔਫ ਅਟਾਰਨੀ** (ਜਾਰੀ ਰਹਿਣ ਵਾਲਾ ਮੁਖਤਾਰਨਾਮਾ) ਜਾਂ **ਨੁਮਾਇੰਦਗੀ ਦਾ ਐਗਰੀਮੈਂਟ** (ਰੈਪਰੇਜ਼ਿਨਟੇਸ਼ਨ ਐਗਰੀਮੈਂਟ) ਨਹੀਂ ਬਣਾਇਆ ਤਾਂ ਪਰਿਵਾਰ ਦਾ ਕੋਈ ਮੈਂਬਰ, ਰਿਸ਼ਤੇਦਾਰ ਜਾਂ ਨੇੜਲਾ ਦੋਸਤ ਅਦਾਲਤ ਕੋਲ **ਕਮੇਟੀ ਔਫ ਇਸਟੇਟ** ਬਣਨ ਲਈ ਅਪਲਾਈ ਕਰ ਸਕਦਾ ਹੈ। ਕੋਈ ਟਰੱਸਟ ਕੰਪਨੀ ਵੀ ਅਪਲਾਈ ਕਰ ਸਕਦੀ ਹੈ। ਜੇ ਕੋਈ ਢੁਕਵਾਂ ਵਿਅਕਤੀ ਉਪਲਬਧ ਨਾ ਹੋਵੇ ਤਾਂ ਪੀ ਜੀ ਟੀ ਕਮੇਟੀ ਔਫ ਇਸਟੇਟ ਬਣਨ ਲਈ ਕਦਮ ਚੁੱਕ ਸਕਦਾ ਹੈ। |
| ਕੋਈ ਬਾਲਗ ਸਮਰੱਥ ਨਹੀਂ ਹੈ ਅਤੇ ਬਾਲਗ ਵਲੋਂ ਜਾਂ ਹੋਰਨਾਂ ਵਲੋਂ ਉਸ ਦੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਭੈੜਾ ਚਲਾਇਆ ਜਾ ਰਿਹਾ ਹੈ। | ਜੇ ਬਾਲਗ ਸਮਰੱਥ ਨਾ ਲੱਗੇ ਅਤੇ:<br>• ਆਪਣੇ ਮਾਮਲੇ ਗਲਤ ਚਲਾ ਰਿਹਾ ਹੈ,<br>• ਉਸ ਨਾਲ ਵਿੱਤੀ ਤੌਰ 'ਤੇ ਬੁਰਾ ਵਰਤਾਉ ਹੋ ਰਿਹਾ ਹੈ,<br>• ਉਸ ਦੀ ਮਰਜ਼ੀ ਦੇ ਖਿਲਾਫ ਉਸ 'ਤੇ ਪੈਸੇ ਦੇਣ ਜਾਂ ਸੰਪਤੀ ਦੇਣ ਲਈ ਪਰੈਸ਼ਰ ਪਾਇਆ ਜਾ ਰਿਹਾ ਹੈ, ਜਾਂ<br>• ਉਸ ਬਾਲਗ ਦੇ ਮਾਮਲਿਆਂ ਨੂੰ ਚਲਾਉਣ ਦੇ ਕਾਨੂੰਨੀ ਅਧਿਕਾਰ ਵਾਲਾ ਵਿਅਕਤੀ ਪੈਸਿਆਂ ਜਾਂ ਸੰਪਤੀ ਨੂੰ ਭੈੜੇ ਤਰੀਕੇ ਨਾਲ ਸਾਂਭ ਰਿਹਾ ਹੈ,<br>ਤਾਂ ਤੁਸੀਂ **ਪੀ ਜੀ ਟੀ** ਨੂੰ ਗੁਪਤ **ਰਿਪੋਰਟ** ਕਰ ਸਕਦੇ ਹੋ। ਪੀ ਜੀ ਟੀ ਪੜਤਾਲ ਕਰੇਗਾ ਅਤੇ ਇਹ ਫੈਸਲਾ ਕਰੇਗਾ ਕਿ ਬਾਲਗ ਦੀ ਮਦਦ ਜਾਂ ਰੱਖਿਆ ਕਰਨ ਲਈ ਕੀ ਕਦਮ ਚੁੱਕੇ ਜਾਣੇ ਚਾਹੀਦੇ ਹਨ ਜਾਂ ਨਹੀਂ। ਜੇ ਲੋੜ ਹੋਵੇ ਤਾਂ ਪੀ ਜੀ ਟੀ ਕੋਲ ਕਿਸੇ ਪ੍ਰਾਪਰਟੀ ਦੀ ਵਿਕਰੀ ਨੂੰ ਰੋਕਣ ਜਾਂ ਕਿਸੇ ਵਿੱਤੀ ਸੰਸਥਾ ਵਿੱਚੋਂ ਪੈਸੇ ਕਢਾਉਣ ਤੋਂ ਰੋਕਣ ਦੀ ਵੀ ਤਾਕਤ ਹੈ। |

ਉੱਪਰ ਪਛਾਣੀਆਂ ਗਈਆਂ ਚੋਣਾਂ ਬਾਰੇ ਇਸ ਗਾਈਡ ਦੇ ਬਾਕੀ ਹਿੱਸੇ ਵਿਚ ਵਰਣਨ ਕੀਤਾ ਗਿਆ ਹੈ। ਨਿੱਜੀ ਕਹਾਣੀਆਂ ਇਹ ਦਿਖਾਉਣ ਲਈ ਦਿੱਤੀਆਂ ਗਈਆਂ ਹਨ ਕਿ ਚੋਣ ਕਿਵੇਂ ਕੰਮ ਕਰ ਸਕਦੀ ਹੈ। ਸਾਰੇ ਕਿਰਦਾਰ ਕਲਪਿਤ ਹਨ ਅਤੇ ਇਹ ਅਸਲੀ ਗਾਹਕਾਂ ਦਾ ਚਿੱਤਰ ਨਹੀਂ ਹਨ।

# ਬੀ. ਗੈਰਰਸਮੀ ਚੋਣਾਂ

ਇਸ ਗਾਈਡ ਵਿਚ ਬਦਲਵੇਂ ਰੂਪ ਵਿਚ ਫੈਸਲੇ ਕਰਨ ਲਈ ਨਿੱਜੀ ਪਲੈਨਿੰਗ ਅਤੇ ਕਾਨੂੰਨੀ ਚੋਣਾਂ ਨੂੰ ਚਲਾਉਣ ਲਈ ਵਿਚਾਰੇ ਗਏ ਕਾਨੂੰਨ, ਕਾਨੂੰਨਾਂ ਦਾ ਇਕ ਗਰੁੱਪ ਹਨ ਜਿਨ੍ਹਾਂ ਨੂੰ ਅਕਸਰ ਬ੍ਰਿਟਿਸ਼ ਕੋਲੰਬੀਆ ਦਾ ਅਡੱਲਟ ਗਾਰਡੀਅਨਸ਼ਿਪ ਕਾਨੂੰਨ ਆਖਿਆ ਜਾਂਦਾ ਹੈ।

ਕਾਨੂੰਨ ਇਹ ਪੱਕਾ ਕਰਨ ਲਈ ਤਿਆਰ ਕੀਤੇ ਗਏ ਹਨ ਕਿ ਬਾਲਗਾਂ ਦੀ ਗੱਲ ਸੁਣੀ ਜਾਵੇਗੀ, ਜੇ ਉਹ ਹੁਣ ਆਪਣੇ ਲਈ ਬੋਲਣ ਦੇ ਯੋਗ ਨਾ ਰਹਿਣ ਅਤੇ ਉਨ੍ਹਾਂ ਦੇ ਵਿੱਤੀ ਹਿੱਤਾਂ ਦੀ ਰਖਵਾਲੀ ਕੀਤੀ ਜਾਵੇਗੀ।

ਉਦਾਹਰਣ ਲਈ, *ਅਡੱਲਟ ਗਾਰਡੀਅਨਸ਼ਿਪ ਐਕਟ* ਉਸ ਕਾਨੂੰਨ ਨੂੰ ਲਾਗੂ ਕਰਨ ਅਤੇ ਇਸ ਦੇ ਅਰਥ ਦੱਸਣ ਲਈ ਸੇਧ ਦੇਣ ਵਾਲੇ ਸਿਧਾਂਤ ਤਹਿ ਕਰਦਾ ਹੈ ਅਤੇ ਸਮਰੱਥਾ ਦਾ ਅਨੁਮਾਨ ਤਹਿ ਕਰਦਾ ਹੈ ਜਿਹੜਾ ਕਿ ਸਾਰੇ ਹੋਰ ਕਾਨੂੰਨਾਂ ਵਿਚ ਮਿਲਦਾ ਹੈ।

## ਸੇਧ ਦੇਣ ਵਾਲੇ ਸਿਧਾਂਤ

2. ਇਹ ਐਕਟ ਅੱਗੇ ਲਿਖੇ ਸਿਧਾਂਤਾਂ ਮੁਤਾਬਕ ਲਾਗੂ ਕੀਤਾ ਜਾਣਾ ਹੈ ਅਤੇ ਵਿਆਖਿਆ ਕੀਤੀ ਜਾਣੀ ਹੈ:

(ਏ) ਸਾਰੇ ਬਾਲਗ ਉਸ ਤਰੀਕੇ ਨਾਲ ਰਹਿਣ ਦੇ ਹੱਕਦਾਰ ਹਨ ਜਿਸ ਤਰੀਕੇ ਨਾਲ ਉਹ ਚਾਹੁੰਦੇ ਹਨ ਅਤੇ ਉਨ੍ਹਾਂ ਨੂੰ ਆਸਰਾ, ਮਦਦ ਜਾਂ ਹਿਫਾਜ਼ਤ ਲੈਣ ਜਾਂ ਲੈਣ ਤੋਂ ਨਾਂਹ ਕਰਨ ਦਾ ਹੱਕ ਹੈ ਜੇ ਉਹ ਦੂਜਿਆਂ ਦਾ ਨੁਕਸਾਨ ਨਹੀਂ ਕਰਦੇ ਅਤੇ ਉਹ ਉਨ੍ਹਾਂ ਮਾਮਲਿਆਂ ਬਾਰੇ ਫੈਸਲੇ ਕਰਨ ਦੇ ਸਮਰੱਥ ਹਨ;

(ਬੀ) ਸਾਰੇ ਬਾਲਗਾਂ ਨੂੰ ਸਭ ਤੋਂ ਜ਼ਿਆਦਾ ਅਸਰਦਾਰ, ਪਰ ਘੱਟ ਤੋਂ ਘੱਟ ਬੰਦਸ਼ਾਂ ਵਾਲੀ ਅਤੇ ਦਖਲ ਦੇਣ ਵਾਲੀ, ਇਮਦਾਦ, ਮਦਦ ਜਾਂ ਹਿਫਾਜ਼ਤ ਮਿਲਣੀ ਚਾਹੀਦੀ ਹੈ ਜਦੋਂ ਉਹ ਆਪਣੇ ਆਪ ਦੀ ਜਾਂ ਆਪਣੇ ਵਿੱਤੀ ਮਾਮਲਿਆਂ ਦੀ ਸੰਭਾਲ ਕਰਨ ਦੇ ਅਯੋਗ ਹੋ ਜਾਂਦੇ ਹਨ; ਅਤੇ

(ਸੀ) ਅਦਾਲਤ ਨੂੰ ਓਨਾ ਚਿਰ ਗਾਰਡੀਅਨ ਨਿਯੁਕਤ ਕਰਨ ਲਈ ਨਹੀਂ ਕਿਹਾ ਜਾਣਾ ਚਾਹੀਦਾ, ਅਤੇ ਨਾ ਹੀ ਅਦਾਲਤ ਨੂੰ ਨਿਯੁਕਤ ਕਰਨਾ ਚਾਹੀਦਾ ਹੈ ਜਿੰਨਾ ਚਿਰ ਇਸ ਦੇ ਬਦਲ ਹਨ ਜਿਵੇਂ ਕਿ ਆਸਰੇ ਅਤੇ ਮਦਦ ਦਾ ਪ੍ਰਬੰਧ ਕਰਕੇ ਦੇਖਿਆ ਗਿਆ ਹੈ ਜਾਂ ਧਿਆਨ ਨਾਲ ਵਿਚਾਰਿਆ ਗਿਆ ਹੈ।

## ਸਮਰੱਥਾ ਦਾ ਅਨੁਮਾਨ

3. (1) ਜੇ ਉਲਟ ਤਰ੍ਹਾਂ ਨਹੀਂ ਦਿਖਾਇਆ ਗਿਆ ਤਾਂ ਹਰ ਇਕ ਬਾਲਗ ਨੂੰ ਉਸ ਦੇ ਨਿੱਜੀ ਸੰਭਾਲ, ਸਿਹਤ ਸੰਭਾਲ ਅਤੇ ਵਿੱਤੀ ਮਾਮਲਿਆਂ ਬਾਰੇ ਫੈਸਲੇ ਕਰਨ ਦੇ ਸਮਰੱਥ ਸਮਝਿਆ ਜਾਂਦਾ ਹੈ।

(2) ਕਿਸੇ ਬਾਲਗ ਦਾ ਦੂਜਿਆਂ ਨਾਲ ਗੱਲਬਾਤ ਕਰਨ ਦਾ ਤਰੀਕਾ ਇਹ ਫੈਸਲਾ ਕਰਨ ਦਾ ਆਧਾਰ ਨਹੀਂ ਹੈ ਕਿ ਉਹ ਸਬਸੈਕਸ਼ਨ (1) ਵਿਚ ਦੱਸੀ ਗਈ ਕਿਸੇ ਵੀ ਚੀਜ਼ ਬਾਰੇ ਫੈਸਲੇ ਕਰਨ ਦੇ ਅਸਮਰੱਥ ਹੈ।

*ਅਡੱਲਟ ਗਾਰਡੀਅਪਸ਼ਿਪ ਐਕਟ* {ਆਰ ਐੱਸ ਬੀ ਸੀ 1996 ਸੀ. 6}

**ਗੈਰਰਸਮੀ ਚੋਣਾਂ** ਕਿਸੇ ਬਾਲਗ ਨੂੰ ਮਦਦ ਦੇਣ ਦਾ ਸਭ ਤੋਂ ਘੱਟ ਦਖਲ ਦੇਣ ਵਾਲਾ ਤਰੀਕਾ ਹਨ।

ਜਿਵੇਂ ਕਿ ਹੇਠਾਂ ਜੇਕਬ ਦੀ ਹਾਲਤ ਵਿਚ ਦੇਖਿਆ ਜਾ ਸਕਦਾ ਹੈ, ਕਈ ਸੇਵਾਵਾਂ ਉਪਲਬਧ ਹਨ ਜਿਹੜੀਆਂ ਉਸ ਦੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਵਿਚ ਉਸ ਦੀ ਮਦਦ ਕਰ ਸਕਦੀਆਂ ਹਨ ਅਤੇ ਇਸ ਦੇ ਨਾਲ ਨਾਲ ਇਹ ਪੱਕਾ ਕਰ ਸਕਦੀਆਂ ਹਨ ਕਿ ਉਹ ਆਪਣੀ ਆਜ਼ਾਦੀ ਅਤੇ ਕੰਟਰੋਲ ਕਾਇਮ ਰੱਖੇ।

### *ਉਦਾਹਰਣ*

### *ਜੇਕਬ*

*ਜੇਕਬ 80 ਸਾਲ ਦਾ ਹੈ ਅਤੇ ਉਸ ਨੂੰ ਹੁਣੇ ਹੁਣੇ ਹਲਕਾ ਸਟਰੋਕ ਹੋਇਆ ਹੈ।*

*ਉਸ ਨੇ ਸਦਾ ਆਪਣੇ ਪੈਸੇ-ਧੇਲੇ ਦਾ ਪ੍ਰਬੰਧ ਚਲਾਇਆ ਹੈ ਅਤੇ ਉਹ ਆਪਣੇ ਇਨਵੈਸਟਮੈਂਟ ਪੋਰਟਫੋਲੀਓ ਬਾਰੇ ਫੈਸਲੇ ਕਰਨ ਵਿਚ ਸਰਗਰਮੀ ਨਾਲ ਸ਼ਾਮਲ ਹੈ।*

*ਉਹ ਹੁਣੇ ਹੁਣੇ ਆਪਣੇ ਅਪਾਰਟਮੈਂਟ ਤੋਂ ਅਸਿਸਟਿਡ ਲਿਵਿੰਗ ਸਥਾਨ ਵਿਚ ਮੂਵ ਹੋਇਆ ਹੈ।*

*ਜੇਕਬ ਦੀ ਭਤੀਜੀ ਰੇਬੇਕਾ ਨੇੜੇ ਰਹਿੰਦੀ ਹੈ ਅਤੇ ਉਸ ਨੇ ਮਦਦ ਕਰਨ ਦੀ ਪੇਸ਼ਕਸ਼ ਕੀਤੀ ਹੈ।*

*ਜੇਕਬ ਉਸ 'ਤੇ ਯਕੀਨ ਕਰਦਾ ਹੈ ਪਰ ਜਿੰਨਾ ਚਿਰ ਵੀ ਸੰਭਵ ਹੋ ਸਕੇ ਉਹ ਆਪਣੇ ਮਾਮਲੇ ਆਪ ਨਜਿੱਠਣਾ ਚਾਹੁੰਦਾ ਹੈ।*

*ਰੇਬੇਕਾ ਅੱਗੇ ਲਿਖੇ ਪ੍ਰਬੰਧ ਕਰਨ ਵਿਚ ਜੇਕਬ ਦੀ ਮਦਦ ਕਰਦੀ ਹੈ:*

- *ਜੇਕਬ ਦੀ ਵਿੱਤੀ ਸੰਸਥਾ ਨੇ ਉਸ ਦੀਆਂ ਪੈਨਸ਼ਨਾਂ ਸਿੱਧੀਆਂ ਜਮ੍ਹਾਂ ਹੋਣ ਅਤੇ ਉਸ ਦੇ ਆਮ ਬਿੱਲ ਆਪਣੇ ਆਪ ਦਿੱਤੇ ਜਾਣ ਵਿਚ ਉਸ ਦੀ ਮਦਦ ਕੀਤੀ।*
- *ਉਸ ਨੇ ਆਪਣੇ ਇਨਵੈਸਟਮੈਂਟ ਐਡਵਾਈਜ਼ਰ ਨੂੰ ਕਿਹਾ ਉਹ ਉਸ ਦਾ ਅਕਾਊਂਟ ਡਿਸਕ੍ਰਿਸ਼ਨਰੀ ਇਨਵੈਸਟਮੈਂਟ ਸਰਵਿਸ ਵਿਚ ਬਦਲੇ ਜਿੱਥੇ ਜੇਕਬ ਇਨਵੈਸਟਮੈਂਟ ਦੀ ਜੁਗਤ ਨਾਲ ਸਹਿਮਤ ਹੁੰਦਾ ਹੈ ਪਰ ਰੋਜ਼ਮਰਾ ਦੇ ਫੈਸਲੇ ਇਨਵੈਸਟਮੈਂਟ ਮਾਹਰ ਕਰਦੇ ਹਨ। ਇਸ ਸਰਵਿਸ ਦਾ ਵਾਧੂ ਖਰਚਾ ਹੈ, ਪਰ ਜੇਕਬ ਨੂੰ ਰੋਜ਼ਮਰਾ ਦੇ ਫੈਸਲੇ ਕਰਨ ਦੀ ਚਿੰਤਾ ਨਹੀਂ ਹੋਵੇਗੀ।*
- *ਉਸ ਨੇ ਆਪਣੇ ਅਕਾਊਂਟੈਂਟ ਨੂੰ ਇਹ ਜ਼ਿੰਮੇਵਾਰੀ ਲੈਣ ਲਈ ਕਿਹਾ ਕਿ ਉਹ ਉਸ ਦੇ ਟੈਕਸ ਭਰੇ ਅਤੇ ਉਸ ਨੇ ਕੈਨੇਡਾ ਰੈਵੇਨਿਊ ਏਜੰਸੀ ਨਾਲ ਗੱਲ ਕਰਨ ਲਈ ਆਪਣੇ ਅਕਾਊਂਟੈਂਟ ਨੂੰ ਅਧਿਕਾਰ ਦੇਣ ਵਾਲੇ ਪੇਪਰ 'ਤੇ ਦਸਖਤ ਕੀਤੇ।*

*ਜਦੋਂ ਇਹ ਪ੍ਰਬੰਧ ਹੋ ਗਏ ਤਾਂ ਜੇਕਬ ਲੰਮੇ ਸਮੇਂ ਲਈ ਪਲੈਨਿੰਗ ਕਰਨਾ ਚਾਹੁੰਦਾ ਸੀ ਤਾਂ ਜੋ ਜੇ ਉਸ ਨੂੰ ਇਕ ਹੋਰ ਸਟਰੋਕ ਹੋ ਜਾਵੇ ਤਾਂ ਇਸ ਦੀ ਵਰਤੋਂ ਕੀਤੀ ਜਾ ਸਕੇ।*

*ਰੇਬੇਕਾ ਨੇ ਬ੍ਰਿਟਿਸ਼ ਕੋਲੰਬੀਆ ਵਿਚ ਜੇਕਬ ਲਈ ਨਿੱਜੀ ਪਲੈਨਿੰਗ ਦੀਆਂ ਉਪਲਬਧ ਚੋਣਾਂ ਬਾਰੇ ਜਾਣਕਾਰੀ ਲਈ ਤਾਂ ਜੋ ਉਹ ਚੋਣਾਂ ਦੇਖ ਸਕੇ ਅਤੇ ਇਹ ਪੱਕਾ ਹੋ ਸਕੇ ਕਿ ਉਸ ਦੀਆਂ ਇੱਛਾਵਾਂ ਦਾ ਪਤਾ ਹੈ।*

# ਸੀ. ਨਿੱਜੀ ਪਲੈਨਿੰਗ ਦੀਆਂ ਚੋਣਾਂ

ਬੀ ਸੀ ਵਿਚ, ਬਾਲਗ ਇਹ ਪੱਕਾ ਕਰਨ ਲਈ ਪਹਿਲਾਂ ਹੀ ਪਲੈਨ ਬਣਾ ਸਕਦੇ ਹਨ ਕਿ ਉਨ੍ਹਾਂ ਦੇ ਵਿੱਤੀ, ਕਾਨੂੰਨੀ, ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲੇ ਕਿਸੇ ਭਰੋਸੇਯੋਗ ਵਿਅਕਤੀ ਵਲੋਂ ਅਤੇ ਪਹਿਲਾਂ ਜ਼ਾਹਰ ਕੀਤੀਆਂ ਗਈਆਂ ਇੱਛਾਵਾਂ ਮੁਤਾਬਕ ਕੀਤੇ ਜਾਣਗੇ।

ਵਿੱਤੀ ਅਤੇ ਕਾਨੂੰਨੀ ਮਾਮਲਿਆਂ ਨਾਲ ਸਿੱਝਣ ਲਈ ਕਿਸੇ ਦਾ ਨਾਂ ਦੇਣ ਲਈ ਕਾਨੂੰਨੀ ਪਲੈਨ ਦੇ ਸਾਧਨ **ਇੰਡੁਅਰਿੰਗ ਪੌਵਰ ਔਫ ਅਟਾਰਨੀ (ਈ ਪੀ ਓ ਏ)** ਅਤੇ **ਨਿੱਤ ਦੇ ਮਾਇਕ ਮਾਮਲਿਆਂ ਦਾ ਪ੍ਰਬੰਧ ਚਲਾਉਣ ਲਈ ਨੁਮਾਇੰਦਗੀ ਦਾ ਐਗਰੀਮੈਂਟ (ਫਾਇਨੈਂਸ਼ਲ ਆਰ ਏ 7)** ਹਨ। ਇਸ ਨੂੰ ਫਾਇਨੈਂਸ਼ਲ ਆਰ ਏ 7 ਕਿਉਂ ਕਿਹਾ ਜਾਂਦਾ ਹੈ ਬਾਰੇ ਜਾਣਕਾਰੀ ਇਸ ਲਿਖਤ ਦੇ ਸਫਾ 12 ’ਤੇ ਦਿੱਤੀ ਗਈ ਹੈ।

ਇਕ ਬਦਲ ਕਮੇਟੀ ਔਫ ਇਸਟੇਟ (ਇਸਟੇਟ ਦੀ ਕਮੇਟੀ) ਨਿਯੁਕਤ ਕਰਨਾ ਹੈ। ਗਾਈਡ ਦਾ ਇਹ ਹਿੱਸਾ ਈ ਪੀ ਓ ਏ ਅਤੇ ਫਾਇਨੈਂਸ਼ਲ ਆਰ ਏ 7 ਬਾਰੇ ਦੱਸਦਾ ਹੈ। ਕਮੇਟੀ ਦੀ ਨਿਯੁਕਤੀ ਬਾਰੇ ਜ਼ਿਆਦਾ ਜਾਣਕਾਰੀ ਲਈ ਇਸ ਗਾਈਡ ਵਿਚ ਬਾਅਦ ਵਿਚ ਕਮੇਟੀ ਔਫ ਇਸਟੇਟ ’ਤੇ ਭਾਗ ਦੇਖੋ।

**ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲੇ ਕਰਨ ਲਈ ਕਿਸੇ ਨੂੰ ਨਿਯੁਕਤ ਕਰਨ ਲਈ ਕਾਨੂੰਨੀ ਪਲੈਨਿੰਗ ਦਾ ਸਾਧਨ ਨਿੱਜੀ ਅਤੇ ਸਿਹਤ ਸੰਭਾਲ ਲਈ ਨੁਮਾਇੰਦਗੀ ਦਾ ਐਗਰੀਮੈਂਟ ਹੈ।**

**ਖਾਸ ਇਲਾਜਾਂ ਦੇ ਸੰਬੰਧ ਵਿਚ ਖਾਸ ਹਿਦਾਇਤਾਂ ਦੇਣ ਲਈ ਅਡਵਾਂਸ ਡਾਇਰੈਕਟਿਵ (ਅਗਾਊਂ ਆਦੇਸ਼) ਵੀ ਬਣਾਏ ਜਾ ਸਕਦੇ ਹਨ।**

**ਨੁਮਾਇੰਦਗੀ ਦੇ ਐਗਰੀਮੈਂਟਾਂ ਅਤੇ ਅਡਵਾਂਸ ਡਾਇਰੈਕਟਿਵਜ਼ ਦੇ ਸੰਬੰਧ ਵਿਚ ਜ਼ਿਆਦਾ ਜਾਣਕਾਰੀ ਲਈ ਪੀ ਜੀ ਟੀ ਦੀ ਲਿਖਤ** *ਇਹ ਤੁਹਾਡੀ ਚੋਣ ਹੈ: ਨਿੱਜੀ ਪਲੈਨਿੰਗ ਲਈ ਸਾਧਨ ਦੇਖੋ।*

## ਸੀ 1. ਇੰਡੁਅਰਿੰਗ ਪੌਵਰ ਔਫ ਅਟਾਰਨੀ (ਈ ਪੀ ਓ ਏ)

### ਜਾਣ ਪਛਾਣ

ਜੇ ਕੋਈ ਬਾਲਗ ਭਵਿੱਖ ਵਿਚ ਅਸਮਰੱਥ ਹੋਣ ਦੇ ਕੇਸ ਵਿਚ ਆਪਣੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਦੇ ਪ੍ਰਬੰਧ ਲਈ ਕਿਸੇ ਨੂੰ ਅਧਿਕਾਰ ਦੇਣਾ ਚਾਹੁੰਦਾ ਹੈ ਤਾ ਤੁਸੀਂ **ਇੰਡੁਅਰਿੰਗ ਪੌਵਰ ਔਫ ਅਟਾਰਨੀ** (ਈ ਪੀ ਓ ਏ) (ਜਾਰੀ ਰਹਿਣ ਵਾਲਾ ਮੁਖਤਾਰਨਾਮਾ) ਬਾਰੇ ਜਾਣਨ ਵਿਚ ਉਸ ਦੀ ਮਦਦ ਕਰ ਸਕਦੇ ਹੋ। ਇਹ ਇਕ ਖਾਸ ਕਿਸਮ ਦਾ ਮੁਖਤਾਰਨਾਮਾ ਹੈ।

ਤੁਸੀਂ ਇਹ ਸਮਝਣ ਵਿਚ ਉਸ ਦੀ ਮਦਦ ਕਰ ਸਕਦੇ ਹੋ ਕਿ ਇਹ ਕੀ ਹੈ, ਇਹ ਕਿਵੇਂ ਕੰਮ ਕਰਦਾ ਹੈ ਅਤੇ ਇਹ ਬਣਾਉਣ ਤੋਂ ਪਹਿਲਾਂ ਕੀ ਵਿਚਾਰ ਕਰਨੀ ਹੈ।

ਜੇ ਕਿਸੇ ਬਾਲਗ ਕੋਲ ਪਹਿਲਾਂ ਹੀ ਈ ਪੀ ਓ ਏ ਹੈ ਪਰ ਉਹ ਹੁਣ ਇਹ ਨਹੀਂ ਚਾਹੁੰਦਾ ਕਿ ਅਟਾਰਨੀ (ਮੁਖਤਾਰ) ਬਣਾਇਆ ਗਿਆ ਵਿਅਕਤੀ ਕੋਈ ਕਾਰਜ ਕਰੇ, ਜਾਂ ਅਟਾਰਨੀ ਹੁਣ ਉਪਲਬਧ ਨਹੀਂ ਹੈ ਤਾਂ ਬਾਲਗ ਨੂੰ ਈ ਪੀ ਓ ਏ ਨੂੰ ਰੱਦ ਕਰਨ ਅਤੇ ਨਵਾਂ ਬਣਾਉਣ ਵਿਚ ਮਦਦ ਦੀ ਲੋੜ ਹੋ ਸਕਦੀ ਹੈ।

ਉਸ ਦੀਆਂ ਇੱਛਾਵਾਂ ਨੂੰ ਲਾਗੂ ਕਰਨ ਲਈ ਕਾਨੂੰਨੀ ਸਲਾਹ ਲੈਣ ਵਿਚ ਬਾਲਗ ਦੀ ਮਦਦ ਕਰਨਾ ਵੀ ਜ਼ਰੂਰੀ ਹੋ ਸਕਦਾ ਹੈ।

ਈ ਪੀ ਓ ਏ ਬਣਾਉਣ ਲਈ ਕਈ ਨਿਯਮ ਹਨ।

ਜੇ ਬਾਲਗ ਤੁਹਾਨੂੰ ਈ ਪੀ ਓ ਏ ਵਿਚ ਅਟਾਰਨੀ ਬਣਾਉਣਾ ਚਾਹੁੰਦਾ ਹੈ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਇਹ ਸਮਝਦੇ ਹੋਵੋ ਕਿ ਕੀ ਸ਼ਾਮਲ ਹੈ ਅਤੇ ਤੁਹਾਨੂੰ ਪੱਕਾ ਯਕੀਨ ਹੈ ਕਿ ਤੁਸੀਂ ਫਰਜ਼ ਅਤੇ ਜ਼ਿੰਮੇਵਾਰੀਆਂ ਪੂਰੀਆਂ ਕਰ ਸਕਦੇ ਹੋ।

ਜੇ ਤੁਸੀਂ ਜ਼ਿੰਮੇਵਾਰੀ ਚੁੱਕਣ ਲਈ ਆਰਾਮਦੇਹ ਨਹੀਂ ਹੋ ਤਾਂ ਤੁਹਾਡੇ ਲਈ ਅਜਿਹਾ ਕਰਨਾ ਜ਼ਰੂਰੀ ਨਹੀਂ ਹੈ।

ਪਰ, ਤੁਸੀਂ ਬਾਲਗ ਦੀ ਕੋਈ ਅਜਿਹਾ ਵਿਅਕਤੀ ਪਛਾਣਨ ਵਿਚ ਮਦਦ ਕਰ ਸਕਦੇ ਹੋ ਜੋ ਢੁਕਵਾਂ ਹੈ।

# ਈ ਪੀ ਓ ਏ ਕੀ ਹੈ?

"ਪੌਵਰ ਔਫ ਅਟਾਰਨੀ" (ਪੀ ਓ ਏ) ਇਕ ਕਾਨੂੰਨੀ ਪੇਪਰ (ਡਾਕੂਮੈਂਟ) ਹੈ ਜਿਸ ਵਿਚ ਕੋਈ ਬਾਲਗ ਕਿਸੇ ਹੋਰ ਵਿਅਕਤੀ ਨੂੰ ਆਪਣੀ ਤਰਫੋਂ ਵਿੱਤੀ ਅਤੇ ਕਾਨੂੰਨੀ ਫੈਸਲੇ ਕਰਨ ਲਈ ਨਿਯੁਕਤ ਕਰਦਾ ਹੈ।

*ਪੌਵਰ ਔਫ ਅਟਾਰਨੀ ਐਕਟ* ਉਹ ਕਾਨੂੰਨ ਹੈ ਜਿਹੜਾ ਪੀ ਓ ਏ ਬਣਾਉਣ ਲਈ ਅਤੇ ਇਸ ਦੀ ਵਰਤੋਂ ਕਿਵੇਂ ਕੀਤੀ ਜਾ ਸਕਦੀ ਹੈ ਬਾਰੇ ਨਿਯਮ ਤਹਿ ਕਰਦਾ ਹੈ।

ਬੀ ਸੀ ਵਿਚ, ਸਾਡੇ ਕੋਲ ਦੋ ਤਰ੍ਹਾਂ ਦੇ ਪੀ ਓ ਏ ਹਨ। ਫਰਕ ਸਮਝਣਾ ਜ਼ਰੂਰੀ ਹੈ।

ਇਕ ਆਮ ਮੁਖਤਾਰਨਾਮਾ (ਪੀ ਓ ਏ) ਇਕ ਕਾਨੂੰਨੀ ਪੇਪਰ ਹੈ ਜਿਹੜਾ ਕਿਸੇ ਬਾਲਗ ਨੂੰ ਉਸ ਦੀ ਸੇਧ 'ਤੇ ਜਾਂ ਉਸ ਦੀ ਤਰਫੋਂ ਉਦੋਂ ਲਈ ਆਪਣੇ ਵਿੱਤੀ ਮਾਮਲਿਆਂ ਦੀ ਦੇਖਭਾਲ ਲਈ ਕੋਈ ਭਰੋਸੇਯੋਗ ਵਿਅਕਤੀ ਨਿਯੁਕਤ ਕਰਨ ਦਿੰਦਾ ਹੈ ਜਦੋਂ ਬਾਲਗ ਸਮਰੱਥ ਨਹੀਂ ਹੁੰਦਾ।

ਪੀ ਓ ਏ ਇਕ ਬੈਂਕ ਅਕਾਊਂਟ ਜਾਂ ਇਕ ਜਾਇਦਾਦ ਲਈ ਸੀਮਤ ਹੋ ਸਕਦਾ ਹੈ ਜਿਵੇਂ ਕਿ ਬਾਲਗ ਦਾ ਘਰ, ਜਾਂ ਇਹ ਇਕ ਨਿਸ਼ਚਤ ਸਮੇਂ ਲਈ ਸਾਰੇ ਵਿੱਤੀ ਅਤੇ ਕਾਨੂੰਨ ਮਾਮਲੇ ਕਵਰ ਕਰ ਸਕਦਾ ਹੈ।

ਜੇ ਬਾਲਗ ਅਸਮਰੱਥ ਹੋ ਜਾਵੇ ਤਾਂ ਆਮ ਮੁਖਤਾਰਨਾਮਾ ਖਤਮ ਹੋ ਜਾਂਦਾ ਹੈ।

**ਇੰਡਿਉਰਿੰਗ ਪੌਵਰ ਔਫ ਅਟਾਰਨੀ** (ਈ ਪੀ ਓ ਏ) ਇਕ ਕਾਨੂੰਨੀ ਪੇਪਰ (ਡਾਕੂਮੈਂਟ) ਹੈ ਜਿਹੜਾ ਕਿਸੇ ਬਾਲਗ ਨੂੰ ਆਪਣੇ ਕਾਨੂੰਨੀ ਅਤੇ ਵਿੱਤੀ ਮਾਮਲਿਆਂ ਦੇ ਪ੍ਰਬੰਧ ਲਈ ਕਿਸੇ ਭਰੋਸੇਯੋਗ ਵਿਅਕਤੀ ਨੂੰ ਨਿਯੁਕਤ ਕਰਨ ਦਿੰਦਾ ਹੈ, ਜੇ ਉਸ ਨੂੰ ਫੈਸਲੇ ਕਰਨ ਵਿਚ ਮਦਦ ਦੀ ਲੋੜ ਪੈਂਦੀ ਹੈ ਜਾਂ ਜੇ ਉਹ ਅਸਮਰੱਥ ਹੋ ਜਾਂਦਾ ਹੈ ਅਤੇ ਹੁਣ ਫੈਸਲੇ ਨਹੀਂ ਕਰ ਸਕਦਾ।

ਜਿਸ ਵਿਅਕਤੀ ਨੂੰ ਬਾਲਗ ਲਈ ਫੈਸਲੇ ਕਰਨ ਲਈ ਪੀ ਓ ਏ ਜਾਂ ਈ ਪੀ ਓ ਏ ਨਿਯੁਕਤ ਕੀਤਾ ਜਾਂਦਾ ਹੈ, ਉਸ ਨੂੰ ਅਟਾਰਨੀ ਆਖਿਆ ਜਾਂਦਾ ਹੈ।

# ਈ ਪੀ ਓ ਏ ਕੌਣ ਬਣਾ ਸਕਦਾ ਹੈ?

ਬੀ ਸੀ ਵਿਚ ਕੋਈ ਵੀ ਬਾਲਗ (19 ਸਾਲ ਜਾਂ ਜ਼ਿਆਦਾ ਉਮਰ ਦਾ ਵਿਅਕਤੀ) ਈ ਪੀ ਓ ਏ ਬਣਾ ਸਕਦਾ ਹੈ ਜੇ ਉਹ ਪੇਪਰ (ਡਾਕੂਮੈਂਟ) ਦੀ ਕਿਸਮ ਅਤੇ ਸਿੱਟਿਆਂ ਨੂੰ ਸਮਝਣ ਦੇ ਅਸਮਰੱਥ ਨਹੀਂ ਹੈ।

ਇਸ ਦਾ ਮਤਲਬ ਹੈ ਕਿ ਬਾਲਗ ਲਈ ਅੱਗੇ ਲਿਖੀਆਂ ਸਾਰੀਆਂ ਗੱਲਾਂ ਸਮਝਣਾ ਜ਼ਰੂਰੀ ਹੈ:

- ਬਾਲਗ ਕੋਲ ਕਿਹੜੀ ਜਾਇਦਾਦ ਹੈ ਅਤੇ ਇਸ ਦੀ ਤਕਰੀਬਨ ਕਿੰਨੀ ਕੀਮਤ ਹੈ;
- ਬਾਲਗ ਦੀਆਂ ਆਪਣੇ ਨਿਰਭਰਾਂ ਲਈ ਕੀ ਜ਼ਿੰਮੇਵਾਰੀਆਂ ਹਨ; ਅਤੇ
- ਇਹ ਕਿ ਬਾਲਗ ਦਾ ਅਟਾਰਨੀ ਬਾਲਗ ਦੇ ਵਿੱਤੀ ਮਾਮਲਿਆਂ ਦੇ ਸੰਬੰਧ ਵਿਚ ਕੋਈ ਵੀ ਚੀਜ਼ ਬਾਲਗ ਦੀ ਤਰਫੋਂ ਕਰਨ ਦੇ ਯੋਗ ਹੋਵੇਗਾ ਜਿਹੜੀਆਂ ਬਾਲਗ ਸਮਰੱਥ ਹੋਣ ਵੇਲੇ ਕਰ ਸਕਦਾ ਸੀ, ਪਰ ਇਸ ਵਿਚ ਵਸੀਅਤ ਬਣਾਉਣਾ ਸ਼ਾਮਲ ਨਹੀਂ ਹੈ ਅਤੇ ਇਸ 'ਤੇ **ਇੰਡਿਉਰਿੰਗ ਪੌਵਰ ਔਫ ਅਟਾਰਨੀ** ਵਿਚ ਤਹਿ ਕੀਤੀਆਂ ਗਈਆਂ ਸ਼ਰਤਾਂ ਅਤੇ ਬੰਦਸ਼ਾਂ ਲਾਗੂ ਹੁੰਦੀਆਂ ਹਨ;
- ਇਹ ਕਿ ਜੇ ਅਟਾਰਨੀ ਬਾਲਗ ਦੇ ਕਾਰੋਬਾਰ ਅਤੇ ਜਾਇਦਾਦ ਨੂੰ ਸਾਵਧਾਨੀ ਨਾਲ ਨਹੀਂ ਸਾਂਭਦਾ ਤਾਂ ਇਨ੍ਹਾਂ ਦੀ ਕੀਮਤ ਘਟ ਸਕਦੀ ਹੈ;
- ਇਹ ਕਿ ਅਟਾਰਨੀ, ਅਟਾਰਨੀ ਦੇ ਅਧਿਕਾਰ ਦੀ ਗਲਤ ਵਰਤੋਂ ਕਰ ਸਕਦਾ ਹੈ; ਅਤੇ
- ਇਹ ਕਿ ਅਡੱਲਟ, ਜੇ ਸਮਰੱਥ ਹੋਵੇ ਤਾਂ ਈ ਪੀ ਓ ਏ ਨੂੰ ਰੱਦ ਕਰ ਸਕਦਾ ਹੈ।

# ਈ ਪੀ ਓ ਏ ਅਧੀਨ ਅਟਾਰਨੀ ਦੇ ਫਰਜ਼ ਅਤੇ ਜ਼ਿੰਮੇਵਾਰੀਆਂ

ਜਦੋਂ ਕੋਈ ਅਟਾਰਨੀ ਬਣਨ ਲਈ ਸਹਿਮਤ ਹੁੰਦਾ ਹੈ ਤਾਂ ਉਹ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਲੈਂਦਾ ਹੈ। ਉਸ ਵਿਅਕਤੀ ਕੋਲ ਵਿੱਤੀ ਜ਼ਿੰਮੇਵਾਰੀਆਂ ਚੁੱਕਣ ਲਈ ਸਮਾਂ ਅਤੇ ਲੋੜੀਂਦੇ ਹੁਨਰ ਹੋਣੇ ਚਾਹੀਦੇ ਹਨ ਅਤੇ ਉਹ ਰੋਲ ਨਿਭਾਉਣ ਦਾ ਖਾਹਸ਼ਮੰਦ ਹੋਣਾ ਚਾਹੀਦਾ ਹੈ।

ਅਟਾਰਨੀ ਦੇ ਫਰਜ਼ਾਂ ਵਿਚ ਸ਼ਾਮਲ ਹਨ:

- ਈਮਾਨਦਾਰੀ ਅਤੇ ਚੰਗੀ ਨੀਅਤ ਨਾਲ ਕੰਮ ਕਰਨਾ
- ਵਾਜਬ ਤੌਰ 'ਤੇ ਸਮਝਦਾਰ ਵਿਅਕਤੀ ਵਾਲੀ ਚੌਕਸੀ, ਹੁਨਰ ਅਤੇ ਉੱਦਮ ਵਰਤਣਾ
- ਸਿਰਫ ਉਹ ਫੈਸਲੇ ਕਰਨਾ ਜਿਹੜੇ ਕਰਨ ਦੀ ਅਟਾਰਨੀ ਨੂੰ ਆਗਿਆ ਹੈ
- ਪੈਸੇ ਧੇਲੇ ਨੂੰ ਟਰੱਸਟੀ ਐਕਟ ਵਿਚਲੇ ਨਿਯਮਾਂ ਮੁਤਾਬਕ ਇਨਵੈਸਟ ਕਰਨਾ
- ਬਾਲਗ ਦੀ ਸੰਪਤੀ ਨੂੰ ਅਟਾਰਨੀ ਦੀ ਸੰਪਤੀ ਤੋਂ ਵੱਖ ਰੱਖਣਾ
- ਬਾਲਗ ਦੀ ਸੰਪਤੀ ਅਤੇ ਉਸ ਦੀ ਕੀਮਤ ਦੇ ਰਿਕਾਰਡ ਰੱਖਣਾ, ਅਤੇ ਲੈਣ ਦੇਣ ਦੇ ਵੀ ਤਾਂ ਜੋ ਅਕਾਊਂਟਿੰਗ ਕੀਤੀ ਜਾ ਸਕੇ

ਪ੍ਰਬੰਧ ਚਲਾਉਣ ਵੇਲੇ ਅਤੇ ਫੈਸਲੇ ਕਰਨ ਵੇਲੇ, ਅਟਾਰਨੀ ਲਈ ਬਾਲਗ ਦੇ ਬਿਹਤਰ ਹਿੱਤਾਂ ਵਿਚ ਕੰਮ ਕਰਨਾ ਜ਼ਰੂਰੀ ਹੈ, ਬਾਲਗ ਦੀਆਂ ਤਾਜ਼ਾ ਇੱਛਾਵਾਂ, ਜਾਣੇ ਜਾਂਦੇ ਵਿਸ਼ਵਾਸ਼ਾਂ ਅਤੇ ਕਦਰਾਂ-ਕੀਮਤਾਂ ਅਤੇ ਈ ਪੀ ਓ ਏ ਵਿਚ ਦਿੱਤੀਆਂ ਗਈਆਂ ਸੇਧਾਂ ਨੂੰ ਧਿਆਨ ਵਿਚ ਰੱਖਦੇ ਹੋਏ। ਇਸ ਤੋਂ ਇਲਾਵਾ, ਵਾਜਬ ਹੱਦ ਤੱਕ, ਅਟਾਰਨੀ ਲਈ ਇਹ ਕਰਨਾ ਵੀ ਜ਼ਰੂਰੀ ਹੈ:

- ਬਾਲਗ ਦੀਆਂ ਨਿੱਜੀ ਸੰਭਾਲ ਅਤੇ ਸਿਹਤ ਸੰਭਾਲ ਦੀਆਂ ਲੋੜਾਂ ਪੂਰੀਆਂ ਕਰਨ ਨੂੰ ਤਰਜੀਹ ਦੇਣਾ
- ਬਾਲਗ ਦੀ ਆਜ਼ਾਦੀ ਦਾ ਬਹੁਤ ਖਿਆਲ ਰੱਖਣਾ ਅਤੇ ਬਾਲਗ 'ਤੇ ਅਸਰ ਪਾਉਣ ਵਾਲੇ ਫੈਸਲਿਆਂ ਵਿਚ ਬਾਲਗ ਦੀ ਸ਼ਮੂਲੀਅਤ ਨੂੰ ਉਤਸ਼ਾਹ ਦੇਣਾ
- ਬਾਲਗ ਦੀਆਂ ਨਿੱਜੀ ਇੱਛਾਵਾਂ ਬਾਲਗ ਲਈ ਉਪਲਬਧ ਰੱਖਣਾ

ਅਟਾਰਨੀ ਨੂੰ ਜਿਹੜੇ ਹੋਰ ਨਿਯਮਾਂ ਬਾਰੇ ਜਾਣਨ ਦੀ ਲੋੜ ਹੈ, ਉਨ੍ਹਾਂ ਵਿਚ ਸ਼ਾਮਲ ਹਨ:

- ਅਟਾਰਨੀ ਬਾਲਗ ਲਈ ਵਸੀਅਤ ਨਹੀਂ ਬਣਾ ਸਕਦਾ ਜਾਂ ਇਸ ਵਿਚ ਤਬਦੀਲੀ ਨਹੀਂ ਕਰ ਸਕਦਾ
- ਅਟਾਰਨੀ ਪ੍ਰਾਪਰਟੀ ਵੇਚ ਜਾਂ ਕਿਸੇ ਨੂੰ ਦੇ ਨਹੀਂ ਸਕਦਾ ਜਿਸ ਬਾਰੇ ਅਟਾਰਨੀ ਜਾਣਦਾ ਹੈ ਕਿ ਇਹ ਬਾਲਗ ਦੀ ਵਸੀਅਤ ਵਿਚ ਖਾਸ ਤੋਹਫਾ ਹੈ, ਸਿਰਫ ਕੁਝ ਹਾਲਤਾਂ ਤੋਂ ਬਿਨਾਂ
- ਲਾਭ-ਪਾਤਰ (ਬੈਨੇਫਿਸ਼ਰੀ) ਬਣਾਉਣ ਜਾਂ ਬਦਲਣ 'ਤੇ ਪਾਬੰਦੀਆਂ ਹਨ
- ਤੋਹਫੇ, ਦਾਨ ਅਤੇ ਚੈਰੀਟੇਬਲ ਸੰਸਥਾਵਾਂ ਨੂੰ ਦਾਨ ਦੇਣ 'ਤੇ ਬੰਦਸ਼ਾਂ ਹਨ
- ਜੇ ਈ ਪੀ ਓ ਏ ਵਿਚ ਆਗਿਆ ਨਹੀਂ ਹੈ ਤਾਂ ਅਟਾਰਨੀ ਆਪਣੇ ਆਪ ਲਈ ਤੋਹਫਾ ਜਾਂ ਲੋਨ ਨਹੀਂ ਲੈ ਸਕਦਾ
- ਅਟਾਰਨੀ ਏਜੰਟ ਰੱਖ ਸਕਦਾ ਹੈ ਪਰ ਫੈਸਲੇ ਕਰਨ ਦਾ ਅਧਿਕਾਰ ਯੋਗਤਾਪ੍ਰਾਪਤ ਇਨਵੈਸਟਮੈਂਟ ਸਪੈਸ਼ਲਿਸਟਾਂ ਤੋਂ ਇਲਾਵਾ ਕਿਸੇ ਹੋਰ ਨੂੰ ਨਹੀਂ ਦੇ ਸਕਦਾ
- ਜੇ ਈ ਪੀ ਓ ਏ ਮੁਆਵਜ਼ਾ ਦੇਣ ਲਈ ਨਹੀਂ ਕਹਿੰਦਾ ਤਾਂ ਅਟਾਰਨੀ ਨੂੰ ਮੁਖਤਾਰ ਦੇ ਤੌਰ 'ਤੇ ਕੰਮ ਕਰਨ ਲਈ ਪੈਸੇ ਨਹੀਂ ਦਿੱਤੇ ਜਾ ਸਕਦੇ ਪਰ ਅਟਾਰਨੀ ਦੇ ਤੌਰ 'ਤੇ ਕੰਮ ਕਰਨ ਵੇਲੇ ਆਏ ਸਹੀ ਅਤੇ ਵਾਜਬ ਖਰਚੇ ਅਟਾਰਨੀ ਨੂੰ ਵਾਪਸ ਕੀਤੇ ਜਾ ਸਕਦੇ ਹਨ

**ਬਾਲਗਾਂ ਲਈ ਈ ਪੀ ਓ ਏ ਬਣਾਉਣਾ ਜ਼ਰੂਰੀ ਨਹੀਂ ਹੈ। ਇਹ ਉਨ੍ਹਾਂ ਦੀ ਚੋਣ ਹੈ। ਇਹ ਇਕ ਸਾਧਨ ਹੈ ਜਿਹੜਾ ਭਵਿੱਖ ਲਈ ਪਲੈਨ ਬਣਾਉਣ ਲਈ ਵਰਤਿਆ ਜਾ ਸਕਦਾ ਹੈ।**

# ਈ ਪੀ ਓ ਏ ਅਧੀਨ ਕੌਣ ਅਟਾਰਨੀ ਬਣ ਸਕਦਾ ਹੈ?

ਈ ਪੀ ਓ ਏ ਅਧੀਨ ਅਟਾਰਨੀ ਬਣਨ ਵਾਲਾ ਵਿਅਕਤੀ ਇਕ ਬਾਲਗ ਹੋਣਾ ਜ਼ਰੂਰੀ ਹੈ (ਬੀ ਸੀ ਵਿਚ 19 ਸਾਲ ਜਾਂ ਜ਼ਿਆਦਾ ਉਮਰ ਦਾ)।

ਇਹ ਪੱਕਾ ਕਰਨਾ ਵੀ ਜ਼ਰੂਰੀ ਹੈ ਕਿ ਅਟਾਰਨੀ ਕੋਈ ਅਜਿਹਾ ਵਿਅਕਤੀ ਨਹੀਂ ਹੈ ਜਿਸ ਨੂੰ ਅਟਾਰਨੀ ਬਣਨ ਤੋਂ ਮਨ੍ਹਾਂ ਕੀਤਾ ਹੋਇਆ ਹੈ।

ਵਰਜਿਤ ਵਿਅਕਤੀਆਂ ਵਿਚ ਉਹ ਵਿਅਕਤੀ ਸ਼ਾਮਲ ਹਨ ਜਿਹੜੇ ਪੈਸੇ ਲੈ ਕੇ ਬਾਲਗ ਨੂੰ ਨਿੱਜੀ ਜਾਂ ਸਿਹਤ ਸੰਭਾਲ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ; ਕਿਸੇ ਅਜਿਹੇ ਸਥਾਨ ਦੇ ਮੁਲਾਜ਼ਮ ਜਿੱਥੇ ਬਾਲਗ ਰਹਿੰਦਾ ਹੈ ਜੇ ਸਥਾਨ ਉਹ ਨਿੱਜੀ ਜਾਂ ਸਿਹਤ ਸੰਭਾਲ ਦੀਆਂ ਸੇਵਾਵਾਂ ਦਿੰਦਾ ਹੈ; ਅਤੇ ਉਹ ਮੁਲਾਜ਼ਮ ਅਤੇ ਵਾਲੰਟੀਅਰ ਜਿਹੜੇ *ਕਮਿਊਨਟੀ ਕੇਅਰ ਐਂਡ ਅਸਿਸਟਿਡ ਲਿਵਿੰਗ ਐਕਟ* ਜਾਂ *ਹੌਸਪੀਟਲ ਐਕਟ* ਅਧੀਨ ਨਿਯਮਬੱਧ ਲਾਇਸੰਸਸ਼ੁਦਾ ਸਥਾਨਾਂ 'ਤੇ ਕੰਮ ਕਰਦੇ ਹਨ।

ਜੇ ਅਟਾਰਨੀ ਬਾਲਗ ਦਾ ਸਪਾਊਸ, ਬੱਚਾ ਜਾਂ ਮਾਪਾ ਹੈ ਤਾਂ ਇਸ ਵਿਚ ਛੋਟ ਹੈ।

ਈ ਪੀ ਓ ਏ ਅਧੀਨ ਅਟਾਰਨੀ ਦਾ ਅਧਿਕਾਰ ਖਤਮ ਹੋ ਜਾਂਦਾ ਹੈ ਜੇ ਅਟਾਰਨੀ ਦੀਵਾਲੀਆ (ਬੈਂਕਕਰੱਪਟ) ਹੋ ਜਾਂਦਾ ਹੈ।

ਅੱਗੇ ਦਿੱਤੀ ਉਦਾਹਰਣ ਇਹ ਦਿਖਾਉਂਦੀ ਹੈ ਕਿ ਕਿਵੇਂ ਇਕ ਚੰਗੀ ਤਰ੍ਹਾਂ ਪਲੈਨ ਕੀਤਾ ਹੋਇਆ ਈ ਪੀ ਓ ਏ ਇਹ ਪੱਕਾ ਕਰਨ ਵਿਚ ਮਦਦ ਕਰ ਸਕਦਾ ਹੈ ਕਿ ਇਕ ਭਰੋਸੇਯੋਗ ਵਿਅਕਤੀ ਕੋਲ ਕਿਵੇਂ ਉਹ ਅਧਿਕਾਰ ਹੋਵੇਗਾ ਜਿਸ ਦੀ ਉਸ ਨੂੰ ਭਵਿੱਖ ਵਿਚ ਬਾਲਗ ਦੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਲਈ ਲੋੜ ਹੈ ਜੇ ਬਾਲਗ ਆਪਣੇ ਫੈਸਲੇ ਆਪ ਨਾ ਕਰ ਸਕਦਾ ਹੋਵੇ।

**ਉਦਾਹਰਣ**

***ਜੈਨਟ***

*ਜੈਨਟ ਕਿਰਾਏ ਦੇ ਅਪਾਰਟਮੈਂਟ ਵਿਚ ਰਹਿੰਦੀ ਹੈ। ਆਪਣੇ ਪਤੀ ਦੀ ਮੌਤ ਤੋਂ ਬਾਅਦ ਉਸ ਨੇ ਇੰਡੂਅਰਿੰਗ ਪੌਵਰ ਔਫ ਅਟਾਰਨੀ ਬਣਾਈ। ਉਸ ਨੇ ਆਪਣੇ ਛੋਟੇ ਪੁੱਤਰ ਫਿਲ ਨੂੰ ਅਟਾਰਨੀ ਵਜੋਂ ਨਿਯੁਕਤ ਕੀਤਾ। ਥੋੜ੍ਹੇ ਚਿਰ ਬਾਅਦ ਹੀ ਜੈਨਟ ਡਿਗ ਪਈ ਅਤੇ ਉਸ ਨੂੰ ਕਈ ਸਮੱਸਿਆਵਾਂ ਆਈਆਂ। ਉਸ ਨੂੰ 2 ਮਹੀਨੇ ਹਸਪਤਾਲ ਰਹਿਣਾ ਪਿਆ। ਉਸ ਸਮੇਂ ਦੌਰਾਨ ਉਸ ਨੂੰ ਫੈਸਲੇ ਕਰਨ ਵਿਚ ਮੁਸ਼ਕਲ ਆਉਂਦੀ ਸੀ ਅਤੇ ਉਸ ਦੀ ਹਿਲਜੁਲ ਸੀਮਤ ਸੀ।*

*ਈ ਪੀ ਓ ਏ ਅਧੀਨ ਉਸ ਦੇ ਅਟਾਰਨੀ ਵਜੋਂ, ਫਿਲ ਨੇ ਉਸ ਦੇ ਵਿੱਤੀ ਮਾਮਲਿਆਂ ਲਈ ਜ਼ਿੰਮੇਵਾਰੀ ਚੁੱਕੀ ਜਿਸ ਵਿਚ ਬਿੱਲ ਦੇਣੇ, ਕਿਰਾਇਆ ਦੇਣਾ ਅਤੇ ਇਨਵੈਸਟਮੈਂਟ ਦੇ ਫੈਸਲੇ ਕਰਨਾ ਸ਼ਾਮਲ ਸੀ। ਇਸੇ ਸਮੇਂ, ਜੈਨਟ ਨੇ ਆਪਣੇ ਰੋਜ਼ਮਰਾ ਦੇ ਮਾਮਲੇ ਨਬੇੜਣ ਲਈ ਕਾਫੀ ਸਮਰੱਥਾ ਵਾਪਸ ਹਾਸਲ ਕਰ ਲਈ। ਫਿਲ ਨੇ ਉਸ ਦੇ ਬੈਂਕਾਂ ਦੇ ਕੰਮ ਕਰਨੇ ਬੰਦ ਕਰ ਦਿੱਤੇ, ਪਰ ਜੈਨਟ ਦੇ ਕਹਿਣ 'ਤੇ ਉਸ ਨੇ ਇਨਵੈਸਟਮੈਂਟਾਂ ਨੂੰ ਦੇਖਣਾ ਜਾਰੀ ਰੱਖਿਆ। ਉਸ ਨੇ ਫੈਸਲਿਆਂ ਬਾਰੇ ਉਸ ਨਾਲ ਵਿਚਾਰ ਕੀਤੀ ਅਤੇ ਇਹ ਪੱਕਾ ਕੀਤਾ ਕਿ ਉਸ ਨੂੰ ਸਟੇਟਮੈਂਟਾਂ ਦੀਆਂ ਕਾਪੀਆਂ ਮਿਲਣ। ਫਿਲ ਅਤੇ ਜੈਨਟ ਨੇ ਬੈਂਕ ਅਤੇ ਇਨਵੈਸਟਮੈਂਟ ਸਲਾਹਕਾਰ ਨੂੰ ਨਵੇਂ ਪ੍ਰਬੰਧਾਂ ਬਾਰੇ ਦੱਸਿਆ।*

*ਈ ਪੀ ਓ ਏ ਬਣਾ ਕੇ ਜੈਨਟ ਨੇ ਇਹ ਪੱਕਾ ਕੀਤਾ ਕਿ ਫਿਲ ਕੋਲ ਉਹ ਅਧਿਕਾਰ ਹੈ ਜਿਸ ਦੀ ਉਸ ਨੂੰ ਲੋੜ ਪੈਣ 'ਤੇ ਉਸ ਦੇ ਵਿੱਤੀ ਮਾਮਲਿਆਂ ਵਿਚ ਮਦਦ ਕਰਨ ਦੀ ਲੋੜ ਹੈ। ਫਿਲ ਨੇ ਜੈਨਟ ਪ੍ਰਤੀ ਆਪਣੇ ਫਰਜ਼ ਉਸ ਨੂੰ ਵੱਧ ਤੋਂ ਵੱਧ ਆਜ਼ਾਦੀ ਦੀ ਆਗਿਆ ਦਿੰਦੇ ਹੋਏ ਨਿਭਾਏ ਜਿਵੇਂ ਕਿ ਉਹ ਚਾਹੁੰਦੀ ਸੀ, ਉਸ ਨੂੰ ਜਾਣਕਾਰੀ ਦਿੰਦੇ ਰਹਿੰਦੇ ਹੋਏ ਅਤੇ ਜਿੱਥੇ ਸੰਭਵ ਹੋਏ ਉਸ ਦੀ ਸਲਾਹ ਲੈਂਦੇ ਹੋਏ।*

# ਜ਼ਿਆਦਾ ਜਾਣਕਾਰੀ ਲਈ

ਇਸ ਚੀਜ਼ ਬਾਰੇ ਕਈ ਨਿਯਮ ਹਨ ਕਿ ਈ ਪੀ ਓ ਏ ਕਿਵੇਂ ਬਣਾਇਆ ਜਾਂਦਾ ਹੈ ਅਤੇ ਇਹ ਕਿਵੇਂ ਵਰਤਿਆ ਜਾ ਸਕਦਾ ਹੈ। ਈ ਪੀ ਓ ਏ ਨੂੰ ਬਦਲਣ ਜਾਂ ਰੱਦ ਕਰਨ ਬਾਰੇ ਵੀ ਨਿਯਮ ਹਨ। ਈ ਪੀ ਓ ਏਜ਼ ਬਾਰੇ ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਲਈ ਸਾਡੀ ਲਿਖਤ ***ਇਹ ਤੁਹਾਡੀ ਚੋਣ ਹੈ: ਨਿੱਜੀ ਪਲੈਨਿੰਗ ਲਈ ਸਾਧਨ*** ਦੇਖੋ।

# 1 ਸਤੰਬਰ, 2011 ਤੋਂ ਪਹਿਲਾਂ ਬਣੇ ਹੋਏ ਈ ਪੀ ਓ ਏ

**ਬ੍ਰਿਟਿਸ਼ ਕੋਲੰਬੀਆ ਵਿਚ ਈ ਪੀ ਓ ਏ ਬਣਾਉਣ ਲਈ ਨਿਯਮ 1 ਸਤੰਬਰ, 2011 ਤੋਂ ਮਹੱਤਵਪੂਰਨ ਰੂਪ ਵਿਚ ਬਦਲ ਗਏ ਹਨ। 1 ਸਤੰਬਰ, 2011 ਤੋਂ ਪਹਿਲਾਂ ਬਣੇ ਹੋਏ ਈ ਪੀ ਓ ਏ ਵਾਜਬ ਹਨ ਅਤੇ ਅਜੇ ਵੀ ਵਰਤੇ ਜਾ ਸਕਦੇ ਹਨ। ਪਰ, ਅਟਾਰਨੀ 'ਤੇ ਹੁਣ ਨਵੇਂ ਨਿਯਮ ਲਾਗੂ ਹੁੰਦੇ ਹਨ ਅਤੇ ਉਹ ਸ਼ਾਇਦ ਬਾਲਗ ਦੀਆਂ ਸਾਰੀਆਂ ਇੱਛਾਂਵਾਂ ਪੂਰੀਆਂ ਕਰਨ ਦੇ ਯੋਗ ਨਹੀਂ ਹੈ। ਉਦਾਹਰਣ ਲਈ, ਉਨ੍ਹਾਂ ਤੋਹਫਿਆਂ, ਲੋਨਾਂ ਅਤੇ ਦਾਨਾਂ ਦੀਆਂ ਸੀਮਾਵਾਂ ਹਨ ਜਿਹੜੇ ਇਕ ਸਾਲ ਵਿਚ ਦਿੱਤੇ ਜਾ ਸਕਦੇ ਹਨ ਜੇ ਈ ਪੀ ਓ ਏ ਕਿਸੇ ਹੋਰ ਤਰ੍ਹਾਂ ਨਹੀਂ ਦੱਸਦਾ। ਬਾਲਗ ਇਹ ਪਤਾ ਲਾਉਣ ਲਈ ਪਹਿਲਾਂ ਹੀ ਮੌਜੂਦ ਨਿੱਜੀ ਪਲੈਨਿੰਗ ਦੇ ਪੇਪਰ ਵਿਚਾਰਨਾ ਅਤੇ ਕਾਨੂੰਨੀ ਸਲਾਹ ਲੈਣਾ ਚਾਹੁੰਦਾ ਹੋ ਸਕਦਾ ਹੈ ਕਿ ਕੀ ਤਬਦੀਲੀਆਂ ਕੀਤੀਆਂ ਜਾਣੀਆਂ ਚਾਹੀਦੀਆਂ ਹਨ।**

# ਸੀ 2. ਵਿੱਤੀ ਮਾਮਲਿਆਂ ਦੇ ਨਿੱਤ ਦੇ ਪ੍ਰਬੰਧ ਲਈ ਨੁਮਾਇੰਦਗੀ ਦਾ ਐਗਰੀਮੈਂਟ (ਫਾਇਨੈਂਸ਼ਲ ਆਰ ਏ 7)

## ਜਾਣ ਪਛਾਣ

ਜਦੋਂ ਕੋਈ ਬਾਲਗ ਦਿਮਾਗੀ ਤੌਰ 'ਤੇ **ਇੰਡੁਅਰਿੰਗ ਪੌਵਰ ਔਫ ਅਟਾਰਨੀ** ਬਣਾਉਣ ਦੇ ਅਸਮਰੱਥ ਹੁੰਦਾ ਹੈ ਪਰ ਉਸ ਨੂੰ ਫੈਸਲੇ ਕਰਨ ਵਿਚ ਮਦਦ ਦੀ ਲੋੜ ਹੁੰਦੀ ਹੈ ਜਾਂ ਉਹ ਆਪਣੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਦੇ ਪ੍ਰਬੰਧ ਲਈ ਕਿਸੇ ਨੂੰ ਅਧਿਕਾਰ ਦੇਣਾ ਚਾਹੁੰਦਾ ਹੈ ਕਿਉਂਕਿ ਉਸ ਨੂੰ ਮੁਸ਼ਕਲ ਆ ਰਹੀ ਹੈ ਤਾਂ ਤੁਸੀਂ ਬਾਲਗ ਦੀ **ਵਿੱਤੀ ਮਾਮਲਿਆਂ ਦੇ ਨਿੱਤ ਦੇ ਪ੍ਰਬੰਧ ਲਈ ਨੁਮਾਇੰਦਗੀ ਦਾ ਐਗਰੀਮੈਂਟ** (ਫਾਇਨੈਂਸ਼ਲ ਆਰ ਏ 7) ਬਾਰੇ ਜਾਣਨ ਵਿਚ ਮਦਦ ਕਰ ਸਕਦੇ ਹੋ।

ਤੁਸੀਂ ਇਹ ਸਮਝਣ ਵਿਚ ਬਾਲਗ ਦੀ ਮਦਦ ਕਰ ਸਕਦੇ ਹੋ ਕਿ ਇਹ ਕੀ ਹੈ, ਇਹ ਕਿਵੇਂ ਕੰਮ ਕਰਦਾ ਹੈ ਅਤੇ ਇਸ ਨੂੰ ਬਣਾਉਣ ਤੋਂ ਪਹਿਲਾਂ ਕੀ ਵਿਚਾਰ ਕਰਨੀ ਹੈ।

ਉਸ ਦੀਆਂ ਇੱਛਾਵਾਂ ਨੂੰ ਲਿਖਣ ਲਈ ਕਾਨੂੰਨੀ ਸਲਾਹ ਲੈਣ ਵਿਚ ਬਾਲਗ ਦੀ ਮਦਦ ਕਰਨ ਦੀ ਵੀ ਲੋੜ ਹੋ ਸਕਦੀ ਹੈ। ਫਾਇਨੈਂਸ਼ਲ ਆਰ ਏ 7 ਬਣਾਉਣ ਲਈ ਕਈ ਨਿਯਮ ਹਨ।

ਜੇ ਬਾਲਗ ਤੁਹਾਨੂੰ ਆਪਣਾ ਨੁਮਾਇੰਦਾ ਬਣਾਉਣਾ ਚਾਹੁੰਦਾ ਹੈ ਤਾਂ ਇਹ ਜ਼ਰੂਰੀ ਹੈ ਕਿ ਤੁਸੀਂ ਇਹ ਸਮਝਦੇ ਹੋਵੋ ਕਿ ਕੀ ਸ਼ਾਮਲ ਹੈ ਅਤੇ ਤੁਹਾਨੂੰ ਪੱਕਾ ਯਕੀਨ ਹੈ ਕਿ ਤੁਸੀਂ ਫਰਜ਼ ਅਤੇ ਜ਼ਿੰਮੇਵਾਰੀਆਂ ਪੂਰੀਆਂ ਕਰ ਸਕਦੇ ਹੋ।

ਜੇ ਤੁਸੀਂ ਜ਼ਿੰਮੇਵਾਰੀ ਚੁੱਕਣ ਲਈ ਆਰਾਮਦੇਹ ਨਹੀਂ ਹੋ ਤਾਂ ਤੁਹਾਡੇ ਲਈ ਅਜਿਹਾ ਕਰਨਾ ਜ਼ਰੂਰੀ ਨਹੀਂ ਹੈ।

ਪਰ, ਤੁਸੀਂ ਬਾਲਗ ਦੀ ਕੋਈ ਅਜਿਹਾ ਵਿਅਕਤੀ ਪਛਾਣਨ ਵਿਚ ਮਦਦ ਕਰ ਸਕਦੇ ਹੋ ਜੋ ਢੁਕਵਾਂ ਹੈ।

## ਫਾਇਨੈਂਸ਼ਲ ਆਰ ਏ 7 ਕੀ ਹੈ?

ਨੁਮਾਇੰਦਗੀ ਦਾ ਐਗਰੀਮੈਂਟ ਇਕ ਕਾਨੂੰਨੀ ਪੇਪਰ (ਡਾਕੂਮੈਂਟ) ਹੈ ਜਿਹੜਾ ਕਿਸੇ ਬਾਲਗ ਨੂੰ ਫੈਸਲਿਆਂ ਵਿਚ ਮਦਦ ਕਰਨ ਦਾ ਜਾਂ ਆਪਣੀ ਤਰਫੋਂ ਫੈਸਲੇ ਕਰਨ ਲਈ ਕਿਸੇ ਭਰੋਸੇਯੋਗ ਵਿਅਕਤੀ ਨੂੰ ਕਾਨੂੰਨੀ ਅਧਿਕਾਰ ਦਿੰਦਾ ਹੈ।

ਨੁਮਾਇੰਦਗੀ ਦਾ ਐਗਰੀਮੈਂਟ ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲਿਆਂ ਨੂੰ ਕਵਰ ਕਰਨ ਦੇ ਨਾਲ ਨਾਲ ਵਿੱਤੀ ਮਾਮਲਿਆਂ ਦੇ ਨਿੱਤ ਦੇ ਪ੍ਰਬੰਧ ਵੀ ਕਰ ਸਕਦਾ ਹੈ।

ਇਹ ਗਾਈਡ ਸਿਰਫ **ਵਿੱਤੀ ਮਾਮਲਿਆਂ ਦੇ ਨਿੱਤ ਦੇ ਪ੍ਰਬੰਧ ਲਈ ਨੁਮਾਇੰਦਗੀ ਦਾ ਐਗਰੀਮੈਂਟ** (ਫਾਇਨੈਂਸ਼ਲ ਆਰ ਏ 7) ਬਾਰੇ ਦੱਸਦੀ ਹੈ।

ਫਾਇਨੈਂਸ਼ਲ ਆਰ ਏ 7 ਇਕ ਨੁਮਾਇੰਦਗੀ ਦਾ ਐਗਰੀਮੈਂਟ ਹੈ ਜਿਹੜੇ ਕਿਸੇ ਨੁਮਾਇੰਦੇ ਨੂੰ ਕਿਸੇ ਬਾਲਗ ਦੇ ਰੋਜ਼ਮਰਾ ਦੇ ਵਿੱਤੀ ਫੈਸਲਿਆਂ ਵਿਚ ਬਾਲਗ ਦੀ ਮਦਦ ਕਰਨ ਦਾ ਅਧਿਕਾਰ ਦਿੰਦਾ ਹੈ, ਜਾਂ ਉਦੋਂ ਫੈਸਲੇ ਕਰਨ ਦਿੰਦਾ ਹੈ ਜਦੋਂ ਬਾਲਗ ਇਕੱਲਾ ਫੈਸਲੇ ਕਰਨ ਦੇ ਸਮਰੱਥ ਨਹੀਂ ਹੁੰਦਾ।

ਇਸ ਨੂੰ ਲਾਗੂ ਕਰਨ ਵਾਲਾ ਕਾਨੂੰਨ *ਰੈਪਰੈਜ਼ਿਨਟੇਸ਼ਨ ਐਗਰੀਮੈਂਟ ਐਕਟ* ਹੈ ਅਤੇ ਕਾਨੂੰਨ ਦਾ ਸੈਕਸ਼ਨ 7 ਖਾਸ ਤੌਰ 'ਤੇ ਇਸ ਖੇਤਰ ਦਾ ਅਧਿਕਾਰ ਦਿੰਦਾ ਹੈ। ਇਸ ਕਰਕੇ ਹੀ ਕੁਝ ਲੋਕ ਇਸ ਕਿਸਮ ਦੇ ਨੁਮਾਇੰਦਗੀ ਦੇ ਐਗਰੀਮੈਂਟ ਨੂੰ ਸੈਕਸ਼ਨ 7 ਆਰ ਏ ਜਾਂ ਆਰ ਏ 7 ਕਹਿੰਦੇ ਹਨ। ਕਦੇ ਕਦੇ ਇਸ ਨੂੰ ਆਮ ਤਾਕਤਾਂ ਵਾਲਾ ਆਰ ਏ ਵੀ ਕਿਹਾ ਜਾਂਦਾ ਹੈ।

ਇਹ ਗਾਈਡ "ਫਾਇਨੈਂਸ਼ਲ ਆਰ ਏ 7" ਨਾਂ ਵਰਤਦੀ ਹੈ।

**ਨੁਮਾਇੰਦਗੀ ਦਾ ਐਗਰੀਮੈਂਟ ਇਕ ਕਾਨੂੰਨੀ ਸਾਧਨ ਹੈ ਜਿਹੜਾ ਭਵਿੱਖ ਦੇ ਫੈਸਲੇ ਕਰਨ ਲਈ ਵਰਤਿਆ ਜਾ ਸਕਦਾ ਹੈ।**

**ਕਿਸੇ ਬਾਲਗ ਲਈ ਨੁਮਾਇੰਦਗੀ ਦਾ ਐਗਰੀਮੈਂਟ ਬਣਾਉਣਾ ਜ਼ਰੂਰੀ ਨਹੀਂ ਹੈ। ਇਹ ਉਸ ਦੀ ਚੋਣ ਹੈ।**

**ਕੋਈ ਵੀ ਸਰਵਿਸ ਪ੍ਰੋਵਾਈਡਰ ਚੀਜ਼ਾਂ ਜਾਂ ਸੇਵਾਵਾਂ ਦੇਣ ਦੀ ਇਕ ਸ਼ਰਤ ਵਜੋਂ ਨੁਮਾਇੰਦਗੀ ਦਾ ਐਗਰੀਮੈਂਟ ਕਰਨ ਦੀ ਕਿਸੇ ਬਾਲਗ ਤੋਂ ਮੰਗ ਨਹੀਂ ਕਰ ਸਕਦਾ।**

## ਫਾਇਨੈਂਸ਼ਲ ਆਰ ਏ 7 ਕੌਣ ਬਣਾ ਸਕਦਾ ਹੈ?

ਜੇ ਸਮਰੱਥ ਹੋਵੇ ਤਾਂ ਬੀ ਸੀ ਵਿਚ ਕੋਈ ਬਾਲਗ (19 ਸਾਲ ਜਾਂ ਜ਼ਿਆਦਾ ਉਮਰ ਦਾ ਕੋਈ ਵਿਅਕਤੀ) ਨੁਮਾਇੰਦਗੀ ਦਾ ਐਗਰੀਮੈਂਟ ਬਣਾ ਸਕਦਾ ਹੈ, ਜਿਸ ਵਿਚ ਫਾਇਨੈਂਸ਼ਲ ਆਰ ਏ 7 ਵੀ ਸ਼ਾਮਲ ਹੈ।

ਇਹ ਫੈਸਲਾ ਕਰਨ ਲਈ ਕਿ ਕੀ ਕੋਈ ਬਾਲਗ ਨੁਮਾਇੰਦਗੀ ਦਾ ਐਗਰੀਮੈਂਟ ਬਣਾਉਣ ਦੇ ਸਮਰੱਥ ਹੈ, ਸਾਰੇ ਢੁਕਵੇਂ ਪੱਖ ਵਿਚਾਰੇ ਜਾਣੇ ਚਾਹੀਦੇ ਹਨ ਜਿਨ੍ਹਾਂ ਵਿਚ ਇਹ ਵੀ ਸ਼ਾਮਲ ਹਨ:

- ਬਾਲਗ ਇਹ ਇੱਛਾ ਪ੍ਰਗਟ ਕਰਦਾ ਹੈ ਕਿ ਨੁਮਾਇੰਦਾ ਫੈਸਲੇ ਕਰੇ, ਫੈਸਲੇ ਕਰਨ ਵਿਚ ਮਦਦ ਕਰੇ ਜਾਂ ਫੈਸਲੇ ਕਰਨਾ ਬੰਦ ਕਰੇ;
- ਬਾਲਗ ਚੋਣਾਂ ਅਤੇ ਤਰਜੀਹਾਂ ਦਾ ਵਿਖਾਵਾ ਕਰਦਾ ਹੈ ਅਤੇ ਹੋਰਨਾਂ ਨੂੰ ਮਨਜ਼ੂਰੀ ਜਾਂ ਨਾਮਨਜ਼ੂਰੀ ਦੀਆਂ ਭਾਵਨਾਵਾਂ ਜ਼ਾਹਰ ਕਰ ਸਕਦਾ ਹੈ;
- ਬਾਲਗ ਇਸ ਗੱਲ ਤੋਂ ਜਾਣੂ ਹੈ ਕਿ ਨੁਮਾਇੰਦਗੀ ਦਾ ਐਗਰੀਮੈਂਟ ਬਣਾਉਣ ਜਾਂ ਕੋਈ ਵੀ ਚੀਜ਼ ਬਦਲਣ ਜਾਂ ਰੱਦ ਕਰਨ ਦਾ ਮਤਲਬ ਹੈ ਕਿ ਨੁਮਾਇੰਦਾ ਅਜਿਹੇ ਫੈਸਲੇ ਜਾਂ ਚੋਣਾਂ ਕਰ ਸਕਦਾ ਹੈ, ਜਾਂ ਕਰਨਾ ਬੰਦ ਕਰ ਸਕਦਾ ਹੈ ਜਿਹੜੇ ਬਾਲਗ 'ਤੇ ਅਸਰ ਪਾਉਂਦੇ ਹਨ;
- ਬਾਲਗ ਦਾ ਨੁਮਾਇੰਦੇ ਨਾਲ ਸੰਬੰਧ ਹੈ ਜਿਸ ਦੀ ਵਿਸ਼ੇਸ਼ਤਾ ਭਰੋਸਾ ਹੈ

ਕੋਈ ਬਾਲਗ ਫਾਇਨੈਂਸ਼ਲ ਆਰ ਏ 7 ਬਣਾਉਣ ਦੇ ਸਮਰੱਥ ਹੋ ਸਕਦਾ ਹੈ, ਭਾਵੇਂ ਉਹ ਈ ਪੀ ਓ ਏ ਬਣਾਉਣ ਜਾਂ ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਕਰਨ ਦੇ ਅਸਮਰੱਥ ਹੋਵੇ।

## ਫਾਇਨੈਂਸ਼ਲ ਆਰ ਏ 7 ਅਧੀਨ ਕੌਣ ਨੁਮਾਇੰਦਾ ਬਣ ਸਕਦਾ ਹੈ?

ਨੁਮਾਇੰਦੇ ਦਾ 19 ਸਾਲ ਜਾਂ ਜ਼ਿਆਦਾ ਉਮਰ ਦਾ ਹੋਣਾ ਜ਼ਰੂਰੀ ਹੈ। ਕੁਝ ਲੋਕਾਂ ਨੂੰ ਨੁਮਾਇੰਦਾ ਨਹੀਂ ਬਣਾਇਆ ਜਾ ਸਕਦਾ।

ਵਰਜਿਤ ਵਿਅਕਤੀਆਂ ਵਿਚ ਉਹ ਵਿਅਕਤੀ ਸ਼ਾਮਲ ਹਨ ਜਿਹੜੇ ਪੈਸੇ ਲੈ ਕੇ ਬਾਲਗ ਨੂੰ ਨਿੱਜੀ ਜਾਂ ਸਿਹਤ ਸੰਭਾਲ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਨ; ਕਿਸੇ ਅਜਿਹੇ ਸਥਾਨ ਦੇ ਮੁਲਾਜ਼ਮ ਜਿੱਥੇ ਬਾਲਗ ਰਹਿੰਦਾ ਹੈ ਜੇ ਸਥਾਨ ਉਹ ਨਿੱਜੀ ਜਾਂ ਸਿਹਤ ਸੰਭਾਲ ਦੀਆਂ ਸੇਵਾਵਾਂ ਦਿੰਦਾ ਹੈ; ਅਤੇ ਉਹ ਮੁਲਾਜ਼ਮ ਅਤੇ ਵਾਲੰਟੀਅਰ ਜਿਹੜੇ *ਕਮਿਉਨਟੀ ਕੇਅਰ ਐਂਡ ਅਸਿਸਟਿਡ ਲਿਵਿੰਗ ਐਕਟ* ਜਾਂ *ਹੌਸਪੀਟਲ ਐਕਟ* ਅਧੀਨ ਨਿਯਮਬੱਧ ਲਾਇਸੰਸਸ਼ੁਦਾ ਸਥਾਨਾਂ 'ਤੇ ਕੰਮ ਕਰਦੇ ਹਨ।

ਜੇ ਨੁਮਾਇੰਦਾ ਬਾਲਗ ਦਾ ਸਪਾਉਸ, ਬੱਚਾ ਜਾਂ ਮਾਪਾ ਹੈ ਤਾਂ ਇਸ ਵਿਚ ਛੋਟ ਹੈ।

ਬਾਲਗ ਦੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਦਾ ਕਿਸੇ ਨੁਮਾਇੰਦੇ ਦਾ ਅਧਿਕਾਰ ਕੈਂਸਲ ਹੋ ਜਾਂਦਾ ਹੈ ਜੇ ਬਾਲਗ ਜਾਂ ਨੁਮਾਇੰਦੇ ਵਿੱਚੋਂ ਕੋਈ ਜਣਾ ਦੀਵਾਲੀਆ (ਬੈਂਕਕਰੱਪਟ) ਹੋ ਜਾਂਦਾ ਹੈ।

# ਫਾਇਨੈਂਸ਼ਲ ਆਰ ਏ 7 ਅਧੀਨ ਨੁਮਾਇੰਦੇ ਦੇ ਫਰਜ਼ ਅਤੇ ਜ਼ਿੰਮੇਵਾਰੀਆਂ

ਨੁਮਾਇੰਦੇ ਦੇ ਫਰਜ਼ ਅਤੇ ਜ਼ਿੰਮੇਵਾਰੀਆਂ ਹਨ ਜਿਹੜੀਆਂ ਇੱਕੋ ਜਿਹੀਆਂ ਹੀ ਹਨ, ਪਰ ਖੇਤਰ ਵਿਚ ਇੰਡਿਉਰਿੰਗ ਪੌਵਰ ਔਫ ਅਟਾਰਨੀ ਅਧੀਨ ਅਟਾਰਨੀ ਨਾਲੋਂ ਜ਼ਿਆਦਾ ਸੀਮਤ ਹਨ। ਸਫਾ 15 'ਤੇ "ਵਿੱਤੀ ਮਾਮਲਿਆਂ ਦਾ ਨਿੱਤ ਦਾ ਪ੍ਰਬੰਧ" ਦੇਖੋ।

ਇਸ ਕਰਕੇ ਇਹ ਜ਼ਰੂਰੀ ਹੈ ਕਿ ਬਾਲਗ ਦੀ ਮਦਦ ਕਰਨ ਅਤੇ/ਜਾਂ ਬਾਲਗ ਦੀ ਤਰਫੋਂ ਫੈਸਲੇ ਕਰਨ ਵਿਚ ਮਦਦ ਕਰਨ ਲਈ ਨੁਮਾਇੰਦੇ ਕੋਲ ਸਮਾਂ ਅਤੇ ਹੁਨਰ ਹੋਣ।

ਨੁਮਾਇੰਦਾ ਫਰਜ਼ ਅਤੇ ਜ਼ਿੰਮੇਵਾਰੀਆਂ ਚੁੱਕਣ ਦਾ ਖਾਹਸ਼ਮੰਦ ਹੋਣਾ ਵੀ ਜ਼ਰੂਰੀ ਹੈ। ਨੁਮਾਇੰਦੇ ਦੇ ਫਰਜ਼ਾਂ ਵਿਚ ਸ਼ਾਮਲ ਹਨ:

- ਈਮਾਨਦਾਰੀ ਅਤੇ ਚੰਗੀ ਨੀਅਤ ਨਾਲ ਕੰਮ ਕਰਨਾ
- ਵਾਜਬ ਤੌਰ 'ਤੇ ਸਮਝਦਾਰ ਵਿਅਕਤੀ ਵਾਲੀ ਚੌਕਸੀ, ਹੁਨਰ ਅਤੇ ਉੱਦਮ ਵਰਤਣਾ
- ਸਿਰਫ ਉਹ ਫੈਸਲੇ ਕਰਨਾ ਜਿਹੜੇ ਕਰਨ ਦੀ ਨੁਮਾਇੰਦੇ ਨੂੰ ਆਗਿਆ ਹੈ
- ਪੈਸੇ ਧੇਲੇ ਨੂੰ ਟਰੱਸਟੀ ਐਕਟ ਵਿਚਲੇ ਨਿਯਮਾਂ ਮੁਤਾਬਕ ਇਨਵੈਸਟ ਕਰਨਾ
- ਸੰਪਤੀ ਨੂੰ ਨੁਮਾਇੰਦੇ ਦੀ ਸੰਪਤੀ ਤੋਂ ਵੱਖ ਰੱਖਣਾ
- ਬਾਲਗ, ਮੌਨੀਟਰ ਜਾਂ ਪੀ ਜੀ ਟੀ ਵਲੋਂ ਚੈੱਕ ਕੀਤੇ ਜਾਣ ਲਈ ਲੈਣ ਦੇਣ, ਕੀਤੇ ਗਏ ਫੈਸਲਿਆਂ ਅਤੇ ਇਨ੍ਹਾਂ ਨਾਲ ਸੰਬੰਧਿਤ ਜਾਣਕਾਰੀ ਦੇ ਰਿਕਾਰਡ ਰੱਖਣਾ

ਫੈਸਲੇ ਕਰਨ ਵਿਚ ਬਾਲਗ ਦੀ ਮਦਦ ਕਰਨ ਵੇਲੇ ਜਾਂ ਉਸ ਦੀ ਤਰਫੋਂ ਫੈਸਲੇ ਕਰਨ ਵੇਲੇ, ਨੁਮਾਇੰਦੇ ਲਈ ਬਾਲਗ ਨਾਲ ਵਾਜਬ ਹੱਦ ਤੱਕ ਸਲਾਹ ਕਰਨਾ ਜ਼ਰੂਰੀ ਹੈ ਤਾਂ ਜੋ ਉਸ ਦੀਆਂ ਮੌਜੂਦਾ ਇੱਛਾਵਾਂ ਦਾ ਪਤਾ ਲਾਇਆ ਜਾ ਸਕੇ ਅਤੇ ਉਨ੍ਹਾਂ ਇੱਛਾਵਾਂ ਦੀ ਪਾਲਣਾ ਕੀਤੀ ਜਾ ਸਕੇ ਜੇ ਅਜਿਹਾ ਕਰਨਾ ਵਾਜਬ ਹੋਵੇ।

ਜੇ ਬਾਲਗ ਦੀਆਂ ਇੱਛਾਵਾਂ ਦਾ ਪਤਾ ਨਾ ਲਾਇਆ ਜਾ ਸਕੇ ਤਾਂ ਨੁਮਾਇੰਦੇ ਲਈ ਉਨ੍ਹਾਂ ਹਿਦਾਇਤਾਂ ਜਾਂ ਇੱਛਾਵਾਂ ਦੀ ਪਾਲਣਾ ਕਰਨਾ ਜ਼ਰੂਰੀ ਹੈ ਜਿਹੜੀਆਂ ਬਾਲਗ ਵਲੋਂ ਸਮਰੱਥ ਹੋਣ ਵੇਲੇ ਪ੍ਰਗਟ ਕੀਤੀਆਂ ਗਈਆਂ ਸਨ।

ਜੇ ਹਿਦਾਇਤਾਂ ਜਾਂ ਇੱਛਾਵਾਂ ਦਾ ਪਤਾ ਨਾ ਹੋਵੇ ਤਾਂ ਨੁਮਾਇੰਦੇ ਲਈ ਬਾਲਗ ਦੇ ਜਾਣੇ ਜਾਂਦੇ ਵਿਸ਼ਵਾਸਾਂ ਅਤੇ ਕਦਰਾਂ-ਕੀਮਤਾਂ ਦੇ ਆਧਾਰ 'ਤੇ ਕਾਰਵਾਈ ਕਰਨਾ ਜ਼ਰੂਰੀ ਹੈ, ਜਾਂ ਜੇ ਇਨ੍ਹਾਂ ਦਾ ਪਤਾ ਨਾ ਹੋਵੇ ਤਾਂ ਬਾਲਗ ਦੇ ਬਿਹਤਰ ਹਿੱਤ ਵਿਚ ਕੰਮ ਕਰਨਾ ਜ਼ਰੂਰੀ ਹੈ।

ਨੁਮਾਇੰਦੇ ਨੂੰ ਜਿਹੜੇ ਹੋਰ ਨਿਯਮਾਂ ਬਾਰੇ ਜ਼ਰੂਰੀ ਜਾਣਨ ਦੀ ਲੋੜ ਹੈ, ਉਨ੍ਹਾਂ ਵਿਚ ਸ਼ਾਮਲ ਹਨ:

- ਨੁਮਾਇੰਦਾ ਵਸੀਅਤ ਨਹੀਂ ਬਣਾ ਸਕਦਾ ਜਾਂ ਇਸ ਵਿਚ ਤਬਦੀਲੀ ਨਹੀਂ ਕਰ ਸਕਦਾ
- ਚੈਰੀਟੇਬਲ ਸੰਸਥਾਵਾਂ ਨੂੰ ਦਾਨ ਦੇਣ 'ਤੇ ਬੰਦਸ਼ਾਂ ਹਨ
- ਨੁਮਾਇੰਦਾ ਆਪਣੀ ਮਦਦ ਲਈ ਯੋਗਤਾ ਪ੍ਰਾਪਤ ਏਜੰਟ ਰੱਖ ਸਕਦਾ ਹੈ ਪਰ ਫੈਸਲੇ ਕਰਨ ਦਾ ਅਧਿਕਾਰ ਯੋਗਤਾਪ੍ਰਾਪਤ ਇਨਵੈਸਟਮੈਂਟ ਸਪੈਸ਼ਲਿਸਟਾਂ ਤੋਂ ਇਲਾਵਾ ਕਿਸੇ ਹੋਰ ਨੂੰ ਨਹੀਂ ਦੇ ਸਕਦਾ
- ਜੇ ਨੁਮਾਇੰਦਗੀ ਦੇ ਐਗਰੀਮੈਂਟ ਵਿਚ ਰੇਟ ਤਹਿ ਨਹੀਂ ਕੀਤਾ ਗਿਆ ਅਤੇ ਅਦਾਲਤ ਨੇ ਪੇਮੈਂਟ ਕਰਨ ਦਾ ਅਧਿਕਾਰ ਨਹੀਂ ਦਿੱਤਾ ਤਾਂ ਨੁਮਾਇੰਦੇ ਨੂੰ ਉਸ ਦੀਆਂ ਸੇਵਾਵਾਂ ਲਈ ਪੈਸੇ ਨਹੀਂ ਦਿੱਤੇ ਜਾ ਸਕਦੇ, ਪਰ ਅਟਾਰਨੀ ਅਤੇ ਮੌਨੀਟਰ ਨੂੰ ਸਹੀ ਅਤੇ ਵਾਜਬ ਖਰਚੇ ਵਾਪਸ ਕੀਤੇ ਜਾ ਸਕਦੇ ਹਨ

ਜੇ ਨੁਮਾਇੰਦਾ ਬਾਲਗ ਦੀਆਂ ਪਹਿਲਾਂ ਜ਼ਾਹਰ ਕੀਤੀਆਂ ਗਈਆਂ ਹਿਦਾਇਤਾਂ ਦੀ ਪਾਲਣਾ ਕਰਨ ਦੇ ਯੋਗ ਨਹੀਂ ਹੈ ਜਾਂ ਇਹ ਯਕੀਨ ਨਹੀਂ ਕਰਦਾ ਕਿ ਹਿਦਾਇਤਾਂ ਬਾਲਗ ਲਈ ਸਭ ਤੋਂ ਵਧੀਆ ਫੈਸਲਾ ਹਨ ਤਾਂ ਫੈਸਲੇ ਦਾ ਅਧਿਕਾਰ ਲੈਣ ਲਈ ਅਦਾਲਤ ਦਾ ਆਰਡਰ ਲੈਣਾ ਜ਼ਰੂਰੀ ਹੋ ਸਕਦਾ ਹੈ, ਜਾਂ ਨੁਮਾਇੰਦੇ ਨੂੰ ਬਾਲਗ ਦੀ ਇਸਟੇਟ ਦੀ ਕਮੇਟੀ ਵਜੋਂ ਕੰਮ ਕਰਨ ਦਾ ਅਧਿਕਾਰ ਲੈਣ ਬਾਰੇ ਵਿਚਾਰਨ ਦੀ ਲੋੜ ਹੋ ਸਕਦੀ ਹੈ।

## “ਵਿੱਤੀ ਮਾਮਲਿਆਂ ਦਾ ਨਿੱਤ ਦਾ ਪ੍ਰਬੰਧ” ਦੀ ਪ੍ਰੀਭਾਸ਼ਾ

- ਬਿੱਲ ਦੇਣਾ
- ਆਮਦਨ ਅਤੇ ਪੈਨਸ਼ਨਾਂ ਲੈਣਾ ਅਤੇ ਜਮ੍ਹਾਂ ਕਰਾਉਣਾ
- ਨਿੱਜੀ ਸੰਭਾਲ ਲਈ ਖਾਣੇ, ਰਿਹਾਇਸ਼ ਅਤੇ ਹੋਰ ਸੇਵਾਵਾਂ ਖਰੀਦਣਾ
- ਬੈਂਕ ਅਕਾਊਂਟ ਖੋਲ੍ਹਣਾ
- ਬਾਲਗ ਦੇ ਲੋਨਾਂ ਦੀਆਂ ਕਿਸ਼ਤਾਂ ਦੇਣਾ
- ਉਨ੍ਹਾਂ ਬੈਨੇਫਿਟਾਂ ਲਈ ਅਪਲਾਈ ਕਰਨਾ ਜਿਨ੍ਹਾਂ ਲਈ ਬਾਲਗ ਹੱਕਦਾਰ ਹੈ
- ਤੁਹਾਡੇ ਘਰ ਜਾਂ ਗੱਡੀ ਲਈ ਇਨਸ਼ੋਰੈਂਸ ਖਰੀਦਣਾ
- ਆਰ ਆਰ ਐੱਸ ਪੀ ਲੈਣਾ ਅਤੇ ਯੋਗਦਾਨ ਪਾਉਣਾ
- ਆਰ ਆਰ ਐੱਸ ਪੀ ਨੂੰ ਆਰ ਆਰ ਆਈ ਐੱਫ ਜਾਂ ਆਮਦਨ ਵਿਚ ਬਦਲਣਾ
- ਚੈਰਿਟੀਆਂ ਨੂੰ ਦਾਨ ਦੇਣਾ (ਇੰਡੂਅਰਿੰਗ ਪੌਵਰ ਔਫ ਅਟਾਰਨੀ ਨਾਲੋਂ ਜ਼ਿਆਦਾ ਸਖਤ ਸੀਮਾਵਾਂ ਲਾਗੂ ਹੁੰਦੀਆਂ ਹਨ)
- ਇਨਕਮ ਟੈਕਸ ਰੀਟਰਨਾਂ ਤਿਆਰ ਕਰਨਾ ਅਤੇ ਦਰਜ ਕਰਵਾਉਣਾ
- *ਟਰੱਸਟੀ ਐਕਟ* ਮੁਤਾਬਕ ਇਨਵੈਸਟਮੈਂਟਾਂ ਕਰਨਾ
- ਕਾਨੂੰਨੀ ਸੇਵਾਵਾਂ ਲੈਣਾ ਅਤੇ ਕਾਰਵਾਈ ਸ਼ੁਰੂ ਕਰਨ ਜਾਂ ਜਾਰੀ ਰੱਖਣ ਲਈ ਕੌਂਸਲ ਨੂੰ ਹਿਦਾਇਤਾਂ ਦੇਣਾ (ਤਲਾਕ ਦੇ ਇਲਾਵਾ), ਕਾਨੂੰਨੀ ਕਾਰਵਾਈਆਂ ਦਾ ਨਿਪਟਾਰਾ ਕਰਨਾ ਜਾਂ ਸਫ਼ਾਈ ਦੇਣਾ

ਫਾਇਨੈਂਸ਼ਲ ਆਰ ਏ 7 ਹੇਠਲੇ ਕਿਸੇ ਨੁਮਾਇੰਦੇ ਨੂੰ ਇਹ ਕਰਨ ਦੀ ਆਗਿਆ ਨਹੀਂ ਹੈ:

- ਬਾਲਗ ਦੇ ਕਰੈਡਿਟ ਕਾਰਡ ਜਾਂ ਲਾਈਨ ਔਫ ਕਰੈਡਿਟ ਵਰਤਣ ਜਾਂ ਨਵਿਆਉਣ ਦੀ ਜਾਂ ਕਰੈਡਿਟ ਕਾਰਡ ਜਾਂ ਲਾਈਨ ਔਫ ਕਰੈਡਿਟ ਲੈਣ ਦੀ
- ਕੋਈ ਲੋਨ ਲੈਣ ਦੀ, ਸਮੇਤ ਮੌਰਗੇਜ ਦੇ
- ਜਾਇਦਾਦ ਖਰੀਦਣ ਜਾਂ ਵੇਚਣ ਦੀ
- ਕਿਸੇ ਤੀਜੀ ਧਿਰ ਲਈ ਲੋਨ ਦੀ ਗਾਰੰਟੀ ਜਾਂ ਹਰਜਾਨਾ ਪੂਰਤੀ ਦੇਣ ਦੀ
- ਨਿੱਜੀ ਸੰਪਤੀ ਦੂਜਿਆਂ ਨੂੰ ਉਧਾਰ ਦੇਣ ਦੀ
- ਤੋਹਫੇ ਜਾਂ ਸੰਪਤੀ ਦੂਜਿਆਂ ਨੂੰ ਦੇਣ ਦੀ
- ਲਾਭ-ਪਾਤਰ ਰੱਦ ਕਰਨ ਜਾਂ ਇਸ ਵਿਚ ਤਬਦੀਲੀ ਕਰਨ ਦੀ
- ਨਵੀਂ ਲਾਈਫ ਇਨਸ਼ੋਰੈਂਸ ਪਾਲਸੀ ਖਰੀਦਣ ਦੀ

# ਫਾਇਨੈਂਸ਼ਲ ਆਰ ਏ 7 ਵਿਚ ਕੋਈ ਮੌਨੀਟਰ ਨਿਯੁਕਤ ਕਰਨਾ

ਫਾਇਨੈਂਸ਼ਲ ਆਰ ਏ 7 ਵਿਚ ਨੁਮਾਇੰਦਾ ਨਿਯੁਕਤ ਕਰਨ ਵੇਲੇ ਬਾਲਗ ਲਈ ਕਿਸੇ ਨੂੰ ਮੌਨੀਟਰ (ਨਿਰੀਖਕ) ਬਣਾਉਣਾ ਵੀ ਜ਼ਰੂਰੀ ਹੈ। ਮੌਨੀਟਰ, ਨੁਮਾਇੰਦੇ ਦੇ ਕੰਮਾਂ 'ਤੇ ਵਿਚਾਰ ਕਰਨ ਲਈ ਜ਼ਿੰਮੇਵਾਰ ਹੈ ਤਾਂ ਜੋ ਇਹ ਪੱਕਾ ਹੋਵੇ ਕਿ ਨੁਮਾਇੰਦਾ ਆਪਣੇ ਫਰਜ਼ ਪੂਰੇ ਕਰ ਰਿਹਾ ਹੈ।

ਮੌਨੀਟਰ ਨਿਯੁਕਤ ਕਰਨ ਦੀ ਲੋੜ ਨਹੀਂ ਹੈ ਜੇ ਨੁਮਾਇੰਦਾ ਬਾਲਗ ਦਾ ਸਪਾਉਸ, ਕੋਈ ਟਰੱਸਟ ਕੰਪਨੀ ਜਾਂ ਕਰੈਡਿਟ ਯੂਨੀਅਨ ਜਾਂ ਪੀ ਜੀ ਟੀ ਹੈ। ਮੌਨੀਟਰ ਦੀ ਤਾਂ ਵੀ ਲੋੜ ਨਹੀਂ ਹੈ ਜੇ ਦੋ ਨੁਮਾਇੰਦੇ ਨਿਯੁਕਤ ਕੀਤੇ ਹੋਏ ਹਨ ਜਿਨ੍ਹਾਂ ਲਈ ਰਲ ਕੇ ਕੰਮ ਕਰਨਾ ਜ਼ਰੂਰੀ ਹੈ।

*ਉਦਾਹਰਣ*

*ਮੀਮੀ*

*ਮੀਮੀ ਆਪਣੇ ਰਿਟਾਇਰਮੈਂਟ ਭਾਈਚਾਰੇ ਵਿਚ ਸਰਗਰਮ ਹੈ ਪਰ ਉਹ ਆਪਣੇ ਪੈਸਿਆਂ ਦਾ ਭਵਿੱਖ ਵਿਚ ਪ੍ਰਬੰਧ ਚਲਾਉਣ ਦੀ ਸਮਰੱਥਾ ਬਾਰੇ ਫਿਕਰਮੰਦ ਹੈ। ਆਪਣੀ ਘਟ ਰਹੀ ਦਿਮਾਗੀ ਸਮਰੱਥਾ ਕਰਕੇ ਉਹ ਇੰਡਿਉਰਿੰਗ ਪੌਵਰ ਔਫ ਅਟਾਰਨੀ ਨਹੀਂ ਬਣਾ ਸਕਦੀ। ਮੀਮੀ ਆਪਣੀ ਲੰਮੇ ਸਮੇਂ ਦੀ ਦੋਸਤ ਅਤੇ ਗੁਆਂਢੀ, ਮੈਰੀ ਨੂੰ ਪੁੱਛਦੀ ਹੈ ਕਿ ਕੀ ਉਹ ਉਸ ਦੀ ਨੁਮਾਇੰਦਾ ਬਣੇਗੀ।*

*ਮੈਰੀ ਕਿਉਂਕਿ ਮੀਮੀ ਦੀ ਸਪਾਉਸ ਨਹੀਂ ਹੈ, ਮੀਮੀ ਨੂੰ ਨੁਮਾਇੰਦੇ ਵਜੋਂ ਕੰਮ ਕਰਨ ਲਈ ਮੈਰੀ ਦੇ ਨਾਲ ਕਿਸੇ ਹੋਰ ਵਿਅਕਤੀ ਨੂੰ ਨਿਯੁਕਤ ਕਰਨ ਦੀ ਲੋੜ ਹੈ, ਜਾਂ ਕਿਸੇ ਨੂੰ ਮੌਨੀਟਰ ਬਣਾਉਣ ਦੀ ਲੋੜ ਹੈ। ਮੀਮੀ ਦੀ ਦੋਸਤ ਇਨੇਜ਼ ਮੈਰੀ ਨੂੰ ਜਾਣਦੀ ਹੈ ਅਤੇ ਉਹ ਮਦਦ ਕਰਕੇ ਖੁਸ਼ ਹੈ। ਇਨੇਜ਼ ਜਵਾਨ ਹੈ ਅਤੇ ਪੈਸਿਆਂ ਬਾਰੇ ਚੰਗੀ ਹੈ।*

*ਉਹ ਸਹਿਮਤ ਹੁੰਦੀਆਂ ਹਨ ਕਿ ਇਨੇਜ਼ ਮੌਨੀਟਰ ਹੋਵੇਗੀ। ਮੈਰੀ ਸਾਲਾਂ ਵਿਚ ਇਕ ਭਰੋਸੇਯੋਗ ਹਮਰਾਜ ਬਣ ਗਈ ਹੈ ਅਤੇ ਉਸ ਨੂੰ ਆਪਣੀ ਸਹੇਲੀ ਦੀ ਨੁਮਾਇੰਦਗੀ ਕਰਨ 'ਤੇ ਮਾਣ ਹੈ ਅਤੇ ਉਹ ਯਕੀਨ ਕਰਦੀ ਹੈ ਕਿ ਉਹ ਉਨ੍ਹਾਂ ਚੀਜ਼ਾਂ ਬਾਰੇ ਜਾਣਦੀ ਹੈ ਜਿਨ੍ਹਾਂ ਦੀ ਮੀਮੀ ਲਈ ਮਹੱਤਤਾ ਹੈ। ਅਜੇ ਵੀ, ਨੁਮਾਇੰਦਗੀ ਦੇ ਐਗਰੀਮੈਂਟ 'ਤੇ ਦਸਖਤ ਕਰਨ ਤੋਂ ਪਹਿਲਾਂ, ਉਹ ਇਹ ਪੱਕਾ ਕਰਨ ਲਈ ਮੀਮੀ ਨਾਲ ਲੰਬੀ ਗੱਲਬਾਤ ਕਰਦੀ ਹੈ ਕਿ ਉਸ ਨੂੰ ਮੀਮੀ ਦੀਆਂ ਇੱਛਾਵਾਂ ਅਤੇ ਉਮੀਦਾਂ ਦਾ ਪਤਾ ਹੋਵੇ।*

*ਮੀਮੀ ਨੇ ਸਦਾ ਆਪਣੀ ਦਿੱਖ ਵਿਚ ਬੜਾ ਮਾਣ ਮਹਿਸੂਸ ਕੀਤਾ ਹੈ ਅਤੇ ਇਹ ਉਸ ਲਈ ਮਹੱਤਵਪੂਰਨ ਹੈ ਕਿ ਜਿਵੇਂ ਜਿਵੇਂ ਉਸ ਦੀ ਯਾਦਾਸ਼ਤ ਅਤੇ ਫੈਸਲੇ ਕਰਨ ਦੀਆਂ ਸਮਰੱਥਾਵਾਂ ਫੇਲ੍ਹ ਹੋਣ ਉਸ ਦੀ ਸ਼ਾਨ ਕਾਇਮ ਰਹੇ। ਜ਼ਿੰਦਗੀ ਭਰ ਉਸ ਦੀਆਂ ਬਹੁਤ ਸਾਰੀਆਂ ਸਹੇਲੀਆਂ ਰਹੀਆਂ ਹਨ, ਪਰ ਉਮਰ ਦੇ ਵਧਣ ਨਾਲ ਬਹੁਤੀਆਂ ਦੀ ਮੌਤ ਹੋ ਗਈ ਹੈ। ਉਸ ਨੂੰ ਫਿਕਰ ਹੈ ਕਿ ਉਹ ਇਕੱਲੀ ਰਹਿ ਜਾਵੇਗੀ।*

*ਉਸ ਦੇ ਨੁਮਾਇੰਦੇ ਵਜੋਂ, ਮੈਰੀ ਮੀਮੀ ਦੇ ਰੋਜ਼ਮਰਾ ਦੇ ਵਿੱਤੀ ਮਾਮਲਿਆਂ ਦਾ ਖਿਆਲ ਰੱਖਦੀ ਹੈ। ਉਹ ਉਸ ਦੀਆਂ ਚੈੱਕਾਂ ਜਮ੍ਹਾਂ ਕਰਾਉਂਦੀ ਹੈ, ਉਸ ਦੇ ਬਿੱਲ ਦਿੰਦੀ ਹੈ ਅਤੇ ਉਸ ਦੀਆਂ ਇਨਵੈਸਟਮੈਂਟਾਂ ਦੀ ਦੇਖਭਾਲ ਕਰਦੀ ਹੈ।*

*ਉਸ ਨੇ ਕਿਉਂਕਿ ਮੀਮੀ ਦੀਆਂ ਇੱਛਾਵਾਂ ਅਤੇ ਕਦਰਾਂ-ਕੀਮਤਾਂ ਬਾਰੇ ਵਿਚਾਰ ਕੀਤੀ ਹੈ, ਮੈਰੀ ਇਹ ਪੱਕਾ ਕਰਦੀ ਹੈ ਕਿ ਹਰ ਮਹੀਨੇ ਇਕ ਸਾਥਣ ਲਈ ਪੈਸੇ ਰੱਖੇ ਜਾਣ ਜੋ ਕਿ ਮੀਮੀ ਕੋਲ ਹਫਤੇ ਵਿਚ ਇਕ ਵਾਰੀ ਆਵੇ ਅਤੇ ਉਸ ਨੂੰ ਬਾਹਰ ਲੈ ਕੇ ਜਾਵੇ। ਇਹ ਜਾਣਦੀ ਹੋਣ ਕਰਕੇ ਕਿ ਮੀਮੀ ਸਟਾਈਲ ਨਾਲ ਜ਼ਿਆਦਾ ਉਮਰ ਦਾ ਹੋਣਾ ਚਾਹੁੰਦੀ ਹੈ, ਮੈਰੀ ਇਹ ਪੱਕਾ ਕਰਦੀ ਹੈ ਕਿ ਵਾਲਾਂ ਦੀਆਂ ਰੈਗੂਲਰ ਅਪੌਇੰਟਮੈਂਟਾਂ ਲਈ ਪੈਸੇ ਹਨ ਅਤੇ ਕਦੇ ਕਦੇ, ਨਵੇਂ ਕੱਪੜਿਆਂ ਲਈ ਵੀ।*

*ਕਦੇ ਕਦੇ, ਮੀਮੀ, ਇਨੇਜ਼ ਅਤੇ ਮੈਰੀ ਮਿਲਦੀਆਂ ਹਨ ਅਤੇ ਮੈਰੀ ਇਨੇਜ਼ ਨੂੰ ਦਿਖਾਉਂਦੀ ਹੈ ਕਿ ਕਿ ਮੀਮੀ ਦੇ ਪੈਸੇ ਕਿਵੇਂ ਖਰਚੇ ਗਏ ਹਨ।*

# ਜ਼ਿਆਦਾ ਜਾਣਕਾਰੀ ਲਈ

ਇਸ ਚੀਜ਼ ਬਾਰੇ ਕਈ ਨਿਯਮ ਹਨ ਕਿ ਫਾਇਨੈਂਸ਼ਲ ਆਰ ਏ 7 ਕਿਵੇਂ ਬਣਾਇਆ ਜਾਂਦਾ ਹੈ ਅਤੇ ਇਹ ਕਿਵੇਂ ਵਰਤਿਆ ਜਾ ਸਕਦਾ ਹੈ। ਫਾਇਨੈਂਸ਼ਲ ਆਰ ਏ 7 ਨੂੰ ਬਦਲਣ ਜਾਂ ਰੱਦ ਕਰਨ ਬਾਰੇ ਵੀ ਨਿਯਮ ਹਨ।

ਨੁਮਾਇੰਦਗੀ ਦੇ ਐਗਰੀਮੈਂਟਾਂ ਬਾਰੇ ਜ਼ਿਆਦਾ ਵਿਸਥਾਰ ਵਿਚ ਜਾਣਕਾਰੀ ਲਈ ਸਾਡੀ ਲਿਖਤ ***ਇਹ ਤੁਹਾਡੀ ਚੋਣ ਹੈ: ਨਿੱਜੀ ਪਲੈਨਿੰਗ ਲਈ ਸਾਧਨ*** ਦੇਖੋ।

# ਡੀ. ਹੋਰ ਕਾਨੂੰਨੀ ਚੋਣਾਂ

ਜਦੋਂ ਆਪਣੇ ਵਿੱਤੀ ਮਾਮਲਿਆਂ ਦੇ ਪ੍ਰਬੰਧ ਵਿਚ ਮਦਦ ਦੀ ਲੋੜ ਵਾਲੇ ਕਿਸੇ ਬਾਲਗ ਨੇ ਈ ਪੀ ਓ ਏ ਨਹੀਂ ਬਣਾਇਆ ਹੁੰਦਾ, ਫਾਇਨੈਂਸ਼ਲ ਆਰ ਏ 7 ਅਧੀਨ ਕੋਈ ਵੀ ਨੁਮਾਇੰਦਾ ਬਣਨ ਦੇ ਯੋਗ ਜਾਂ ਖਾਹਸ਼ਮੰਦ ਨਹੀਂ ਹੈ ਅਤੇ ਗੈਰਰਸਮੀ ਚੋਣਾਂ ਪ੍ਰੈਕਟੀਕਲ ਜਾਂ ਸੰਭਵ ਨਹੀਂ ਹਨ ਤਾਂ ਕਿਸੇ ਬਾਲਗ ਦੇ ਕੁਝ ਜਾਂ ਸਾਰੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਲਈ ਕਾਨੂੰਨੀ ਅਧਿਕਾਰ ਲੈਣ ਦੇ ਕਿਸੇ ਕੋਲ ਦੋ ਤਰੀਕੇ ਹਨ – ਫੈਡਰਲ ਸਰਕਾਰ ਦਾ **ਪੈਨਸ਼ਨ ਟਰੱਸਟੀ** ਜਾਂ **ਕਮੇਟੀ ਔਫ ਇਸਟੇਟ।**

ਚੋਣ ਹਾਲਾਤਾਂ ਅਤੇ ਬਾਲਗ ਦੀਆਂ ਲੋੜਾਂ 'ਤੇ ਨਿਰਭਰ ਕਰੇਗੀ।

## ਡੀ 1. ਫੈਡਰਲ ਸਰਕਾਰ ਦਾ ਪੈਨਸ਼ਨ ਟਰੱਸਟੀ

### ਇਹ ਕੀ ਹੈ?

ਜੇ ਕਿਸੇ ਬਾਲਗ ਨੂੰ ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਵਿਚ ਮੁਸ਼ਕਲ ਆ ਰਹੀ ਹੋਵੇ ਤਾਂ ਫੈਡਰਲ ਇਨਕਮ ਅਸਿਸਟੈਂਸ ਕਾਨੂੰਨ ਕਿਸੇ ਵਿਅਕਤੀ ਨੂੰ ਓਲਡ ਏਜ ਸਕਿਉਰਟੀ (ਓ ਏ ਐੱਸ), ਗੁਰਾਂਟਿਡ ਇਨਕਮ ਸਪਲੀਮੈਂਟ (ਜੀ ਆਈ ਐੱਸ), ਅਤੇ/ਜਾਂ ਕੈਨੇਡਾ ਪੈਨਸ਼ਨ ਪਲੈਨ (ਸੀ ਪੀ ਪੀ) ਤੋਂ ਪੇਮੈਂਟਾਂ ਇਕੱਤਰ ਕਰਨ ਅਤੇ ਇਨ੍ਹਾਂ ਦਾ ਪ੍ਰਬੰਧ ਚਲਾਉਣ ਦੀ ਆਗਿਆ ਦਿੰਦੇ ਹਨ। ਇਸੇ ਤਰੀਕੇ ਨਾਲ ਵਾਰ ਵੈਟਰਨ ਅਲਾਊਂਸ ਵੀ ਇਕੱਤਰ ਕੀਤੇ ਜਾ ਸਕਦੇ ਹਨ।

ਇਹ ਇਕ ਚੋਣ ਹੋ ਸਕਦੀ ਹੈ ਜੇ ਬਾਲਗ ਦੀ ਆਮਦਨ ਦੇ ਕੋਈ ਹੋਰ ਸ੍ਰੋਤ ਨਾ ਹੋਣ ਅਤੇ ਪ੍ਰਬੰਧ ਕਰਨ ਵਾਲੀ ਕੋਈ ਸੰਪਤੀ ਨਾ ਹੋਵੇ।

ਜੇ ਬਾਲਗ ਚਾਹੁੰਦਾ ਹੋਵੇ ਕਿ ਤੁਸੀਂ ਟਰੱਸਟੀ ਬਣਨ ਲਈ ਅਪਲਾਈ ਕਰੋ, ਜਾਂ ਜੇ ਬਾਲਗ ਫੈਸਲਾ ਕਰਨ ਦੇ ਸਮਰੱਥ ਨਹੀਂ ਹੈ ਅਤੇ ਤੁਸੀਂ ਜ਼ਿੰਮੇਵਾਰੀ ਪ੍ਰਵਾਨ ਕਰਨ ਦੇ ਖਾਹਸ਼ਮੰਦ ਹੋਵੋ ਤਾਂ ਤੁਸੀਂ ਜਾਂ ਪਰਿਵਾਰ ਦਾ ਕੋਈ ਭਰੋਸੇਯੋਗ ਮੈਂਬਰ ਜਾਂ ਦੋਸਤ ਅਪਲਾਈ ਕਰ ਸਕਦਾ ਹੈ।

***ਨੋਟ:*** *ਟਰੱਸਟੀ ਕੋਲ ਹੋਰ ਸੰਪਤੀ ਦਾ ਪ੍ਰਬੰਧ ਚਲਾਉਣ ਜਾਂ ਟੈਕਸ ਰੀਟਰਨਾਂ ਬਾਰੇ ਕੈਨੇਡਾ ਰੈਵੇਨਿਊ ਏਜੰਸੀ ਨਾਲ ਗੱਲਬਾਤ ਕਰਨ ਦਾ ਅਧਿਕਾਰ ਨਹੀਂ ਹੈ ਅਤੇ ਉਸ ਨੂੰ ਪੈਨਸ਼ਨ ਟਰੱਸਟੀ ਵਜੋਂ ਕੰਮ ਕਰਨ ਲਈ ਬਾਲਗ ਦੀ ਸੰਪਤੀ ਵਿੱਚੋਂ ਪੈਸੇ ਨਹੀਂ ਦਿੱਤੇ ਜਾ ਸਕਦੇ।*

### ਕੀ ਕਰਨ ਦੀ ਲੋੜ ਹੈ?

ਸਰਵਿਸ ਕੈਨੇਡਾ ਇਸ ਕਾਰਜ ਵਿਚ ਮਦਦ ਕਰ ਸਕਦਾ ਹੈ। ਯੋਗਤਾ ਪ੍ਰਾਪਤ ਮੈਡੀਕਲ ਡਾਕਟਰ ਵਲੋਂ ਸਰਟੀਫਿਕੇਟ 'ਤੇ ਦਸਖਤ ਕੀਤੇ ਜਾਣ ਦੀ ਲੋੜ ਹੈ ਜੋ ਕਿ ਇਹ ਤਸਦੀਕ ਕਰਦਾ ਹੋਵੇ ਕਿ ਬਾਲਗ ਨੂੰ ਆਪਣੀ ਪੈਨਸ਼ਨ ਦੀ ਆਮਦਨ ਦਾ ਪ੍ਰਬੰਧ ਚਲਾਉਣ ਲਈ ਮਦਦ ਦੀ ਲੋੜ ਹੈ।

ਡਾਕਟਰ ਇਸ ਸਰਵਿਸ ਦੀ ਥੋੜ੍ਹੀ ਜਿਹੀ ਫੀਸ ਲੈ ਸਕਦਾ ਹੈ, ਪਰ ਅਰਜ਼ੀ ਵਕੀਲ ਤੋਂ ਭਰਵਾਉਣ ਦੀ ਲੋੜ ਨਹੀਂ ਹੈ। ਇਸ ਤੋਂ ਇਲਾਵਾ, ਟਰੱਸਟੀ ਬਣਨ ਲਈ ਅਪਲਾਈ ਕਰ ਰਹੇ ਵਿਅਕਤੀ ਲਈ ਇਕ ਐਗਰੀਮੈਂਟ 'ਤੇ ਦਸਖਤ ਕਰਨਾ ਜ਼ਰੂਰੀ ਹੈ ਜਿਹੜਾ ਟਰੱਸਟੀ ਦਾ ਰੋਲ ਅਤੇ ਜ਼ਿੰਮੇਵਾਰੀਆਂ ਤਹਿ ਕਰਦਾ ਹੈ।

ਟਰੱਸਟੀ ਦੇ ਦਸਖਤਾਂ ਵਾਲਾ ਐਗਰੀਮੈਂਟ ਇਹ ਮੰਗ ਕਰਦਾ ਹੈ ਕਿ ਟਰੱਸਟੀ ਪੈਨਸ਼ਨ ਬੈਨੇਫਿਟਸ ਨੂੰ ਬਾਲਗ ਦੇ ਬਿਹਤਰ ਹਿੱਤਾਂ ਲਈ ਵਰਤੇ, ਸਲਾਨਾ ਰਿਕਾਰਡ ਰੱਖੇ ਅਤੇ ਅਕਾਊਂਟਿੰਗ ਰਿਪੋਰਟ ਦੇਣ ਲਈ ਤਿਆਰ ਰਹੇ।

ਭਾਵੇਂ ਕਿ ਪੈਨਸ਼ਨ ਟਰੱਸਟੀ ਕੋਲ ਸੀਮਤ ਅਧਿਕਾਰ ਹੁੰਦਾ ਹੈ, ਰੋਜ਼ਮਰਾ ਦੇ ਵਿੱਤੀ ਮਾਮਲਿਆਂ ਵਿਚ ਮਦਦ ਕਰਨ ਲਈ ਅਕਸਰ ਸਿਰਫ ਇਸ ਦੀ ਹੀ ਲੋੜ ਹੁੰਦੀ ਹੈ ਜਿਵੇਂ ਕਿ ਹੇਠਾਂ ਰਾਜ ਦੀ ਉਦਾਹਰਣ ਵਿਚ ਦੇਖਿਆ ਜਾ ਸਕਦਾ ਹੈ।

***ਉਦਾਹਰਣ***

***ਰਾਜ***

*ਆਪਣੀ ਕੰਮ ਦੀ ਸਾਰੀ ਜ਼ਿੰਦਗੀ ਸੈਲਫ ਇਮਪਲੌਏਅਡ ਰਿਹਾ ਰਾਜ ਬਿਨਾਂ ਕਿਸੇ ਪ੍ਰਾਈਵੇਟ ਪੈਨਸ਼ਨ ਪਲੈਨ ਤੋਂ ਬਿਨਾਂ ਰਿਟਾਇਰ ਹੋਇਆ ਅਤੇ ਉਸ ਦੀ ਬਹੁਤ ਥੋੜ੍ਹੀ ਸੰਪਤੀ ਹੈ। ਕਿਰਾਇਆ ਦੇਣ ਅਤੇ ਜ਼ਿੰਦਗੀ ਦੀਆਂ ਲੋੜਾਂ ਪੂਰੀਆਂ ਕਰਨ ਲਈ ਉਹ ਫੈਡਰਲ ਸਰਕਾਰ ਦੀਆਂ ਪੈਨਸ਼ਨਾਂ ’ਤੇ ਨਿਰਭਰ ਕਰਦਾ ਹੈ। ਉਸ ਦਾ ਪੁੱਤਰ ਅਲੀ ਇਹ ਦੇਖ ਸਕਦਾ ਹੈ ਕਿ ਰਾਜ ਦੀ ਯਾਦਾਸ਼ਤ ਫੇਲ੍ਹ ਹੋ ਰਹੀ ਹੈ ਅਤੇ ਉਹ ਆਪਣੇ ਡੈਡੀ ਦੀ ਆਪਣੀ ਆਮਦਨ ਨੂੰ ਸਾਂਭਣ ਅਤੇ ਆਪਣੇ ਬਿੱਲ ਦੇਣ ਦੀ ਸਮਰੱਥਾ ਬਾਰੇ ਫਿਕਰਮੰਦ ਹੈ।*

*ਅਲੀ ਆਪਣੇ ਅਪਾਰਟਮੈਂਟ ਵਿਚ ਰਹਿਣ ਅਤੇ ਵੱਧ ਤੋਂ ਵੱਧ ਆਜ਼ਾਦ ਰਹਿਣ ਦੀ ਰਾਜ ਦੀ ਇੱਛਾ ਵਿਚ ਮਦਦ ਕਰਨਾ ਚਾਹੁੰਦਾ ਹੈ ਜਿੰਨਾ ਚਿਰ ਉਹ ਰਹਿ ਸਕਦਾ ਹੋਵੇ।*

*ਅਲੀ ਰਾਜ ਦੇ ਡਾਕਟਰ ਨਾਲ ਇਹ ਤਸਦੀਕ ਕਰਦਾ ਹੈ ਕਿ ਰਾਜ ਨੂੰ ਮਦਦ ਦੀ ਲੋੜ ਹੈ ਅਤੇ ਉਹ ਪੈਨਸ਼ਨ ਟਰੱਸਟੀ ਬਣਨ ਲਈ ਅਪਲਾਈ ਕਰਦਾ ਹੈ। ਇਸ ਨਾਲ ਅਲੀ ਰਾਜ ਦੀ ਪੈਨਸ਼ਨ ਲੈਣ ਅਤੇ ਉਸ ਦੇ ਬਿੱਲ ਦੇਣ ਦੇ ਯੋਗ ਹੋ ਜਾਂਦਾ ਹੈ।*

## ਜ਼ਿਆਦਾ ਜਾਣਕਾਰੀ ਲਈ

ਡਾਕਟਰ ਅਤੇ ਟਰੱਸਟੀ ਦੇ ਦਸਖਤਾਂ ਲਈ ਫਾਰਮਾਂ ਨਾਲ ਲਿੰਕਾਂ ਲਈ ਇਸ ਗਾਈਡ ਦੇ ਅੰਤ ’ਤੇ ਮਦਦ ਕਰਨ ਵਾਲੇ ਲਿੰਕ ਵਿਚ “ਸਰਵਿਸ ਕੈਨੇਡਾ” ਦੇਖੋ।

# ਡੀ 2. ਕਮੇਟੀ ਔਫ ਇਸਟੇਟ

## ਇਹ ਕੀ ਹੈ?

ਜੇ ਅਦਾਲਤ ਇਹ ਐਲਾਨ ਕਰਦੀ ਹੈ ਕਿ ਕੋਈ ਬਾਲਗ ਆਪਣੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਅਤੇ/ਜਾਂ ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲੇ ਕਰਨ ਦੇ ਅਸਮਰੱਥ ਹੈ ਤਾਂ ਅਦਾਲਤ ਕਮੇਟੀ ਔਫ ਇਸਟੇਟ (ਇਸਟੇਟ ਦੀ ਕਮੇਟੀ) ਬਣਨ ਲਈ ਕਿਸੇ ਵਿਅਕਤੀ ਨੂੰ ਨਿਯੁਕਤ ਕਰ ਸਕਦੀ ਹੈ ਜੋ ਕਿ ਬਾਲਗ ਦੇ ਵਿੱਤੀ ਮਾਮਲਿਆਂ ਅਤੇ/ਜਾਂ ਕਮੇਟੀ ਔਫ ਪਰਸਨ ਨਿੱਜੀ ਅਤੇ ਸਿਹਤ ਸੰਭਾਲ ਦੇ ਫੈਸਲਿਆਂ ਲਈ ਜ਼ਿੰਮੇਵਾਰ ਹੋਵੇਗਾ।

ਕਮੇਟੀ ਕੋਲ ਬਾਲਗ ਲਈ ਫੈਸਲੇ ਕਰਨ ਦੀਆਂ ਵਿਸ਼ਾਲ ਤਾਕਤਾਂ ਹੁੰਦੀਆਂ ਹਨ। ਹੋਰ ਇਲਾਕਿਆਂ ਵਿਚ, ਕਮੇਟੀ ਨੂੰ ਗਾਰਡੀਅਨ ਆਖਿਆ ਜਾ ਸਕਦਾ ਹੈ। ਕਮੇਟੀ ਔਫ ਇਸਟੇਟ ਵਜੋਂ ਅਧਿਕਾਰ ਲੈਣ ਨੂੰ, ਕਿਸੇ ਬਾਲਗ ਦੇ ਵਿੱਤੀ ਮਾਮਲਿਆਂ ਨਾਲ ਸਿੱਝਣ ਲਈ ਸਭ ਤੋਂ ਜ਼ਿਆਦਾ ਅਯੋਗ ਦਖਲ ਦੇਣ ਵਾਲੀ ਚੋਣ ਸਮਝਿਆ ਜਾਂਦਾ ਹੈ। ਇਸ ਕਰਕੇ, ਇਹ ਪੱਕਾ ਕਰਨਾ ਮਹੱਤਵਪੂਰਨ ਹੈ ਕਿ ਗੈਰਰਸਮੀ ਚੋਣਾਂ, ਅਤੇ ਹੋਰ ਹੱਲ ਜਿਵੇਂ ਕਿ ਫੈਡਰਲ ਪੈਨਸ਼ਨ ਟਰੱਸਟੀਸ਼ਿਪ ਜਾਂ ਫਾਇਨੈਂਸ਼ਲ ਆਰ ਏ 7 ਬਣਾਉਣਾ, ਬਾਲਗ ਦੀਆਂ ਲੋੜਾਂ ਦਾ ਹੱਲ ਕਰਨ ਲਈ ਢੁਕਵੇਂ ਨਹੀਂ ਹਨ।

## ਕੀ ਕਰਨ ਦੀ ਲੋੜ ਹੈ?

*ਪੇਸ਼ੈਂਟਸ ਪ੍ਰਾਪਰਟੀ ਐਕਟ* ਅਧੀਨ ਕਮੇਟੀ ਔਫ ਇਸਟੇਟ ਨਿਯੁਕਤ ਕੀਤੇ ਜਾਣ ਲਈ ਕਿਸੇ ਵਿਅਕਤੀ ਲਈ ਬ੍ਰਿਟਿਸ਼ ਕੋਲੰਬੀਆ ਦੀ ਸੁਪਰੀਮ ਕੋਰਟ ਕੋਲ ਅਪਲਾਈ ਕਰਨਾ ਜ਼ਰੂਰੀ ਹੈ।

ਇਹ ਵਿਅਕਤੀ ਆਮ ਤੌਰ ’ਤੇ ਪਰਿਵਾਰ ਦਾ ਕੋਈ ਭਰੋਸੇਯੋਗ ਮੈਂਬਰ ਜਾਂ ਦੋਸਤ ਹੁੰਦਾ ਹੈ ਜਿਹੜਾ ਜ਼ਿੰਮੇਵਾਰੀਆਂ ਚੁੱਕਣ ਅਤੇ ਨਿਭਾਉਣ ਦਾ ਖਾਹਸ਼ਮੰਦ ਹੁੰਦਾ ਹੈ। ਜੇ ਕੋਈ ਮੌਜੂਦ ਨਾ ਹੋਵੇ ਜਾਂ ਢੁਕਵਾਂ ਨਾ ਹੋਵੇ ਤਾਂ ਟਰੱਸਟ ਸੇਵਾਵਾਂ ਦੇਣ ਵਾਲੀ ਕੋਈ ਟਰੱਸਟ ਕੰਪਨੀ ਜਾਂ ਕਰੈਡਿਟ ਯੂਨੀਅਨ ਵੀ ਅਪਲਾਈ ਕਰ ਸਕਦੀ ਹੈ। ਪੀ ਜੀ ਟੀ ਵੀ ਕਮੇਟੀ ਬਣਨ ਲਈ ਕਦਮ ਚੁੱਕ ਸਕਦਾ ਹੈ।

ਬਹੁਤੀਆਂ ਹਾਲਤਾਂ ਵਿਚ, ਅਦਾਲਤ ਦੀ ਅਰਜ਼ੀ ਲਈ ਲੋੜੀਂਦੇ ਪੇਪਰ ਤਿਆਰ ਕਰਨ ਲਈ ਕਿਸੇ ਵਕੀਲ ਨੂੰ ਕੀਤਾ ਜਾਵੇਗਾ, ਜਿਨ੍ਹਾਂ ਵਿਚ ਸੰਪਤੀ ਦੀ ਲਿਸਟ ਅਤੇ ਦੇਣਦਾਰੀਆਂ, ਸਭ ਤੋਂ ਨੇੜੇ ਦੇ ਰਿਸ਼ਤੇਦਾਰਾਂ ਦੇ ਨਾਂ, ਸੰਪਤੀ ਦੇ ਤਜਵੀਜ਼ਸ਼ੁਦਾ ਪ੍ਰਬੰਧ ਨਾਲ ਸੰਬੰਧਿਤ ਵੇਰਵੇ ਅਤੇ ਸੰਭਾਲ ਦੀ ਪਲੈਨ ਅਤੇ ਦੋ ਯੋਗਤਾ ਪ੍ਰਾਪਤ ਮੈਡੀਕਲ ਡਾਕਟਰਾਂ ਵਲੋਂ ਸਹੁੰ ਚੁੱਕ ਕੇ ਦਿੱਤੇ ਗਏ ਬਿਆਨ ਕਿ ਬਾਲਗ ਆਪਣੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਨਾਲ ਨਜਿੱਠਣ ਦੇ ਯੋਗ ਨਹੀਂ ਹੈ, ਸ਼ਾਮਲ ਹਨ। ਅਦਾਲਤ ਦੀ ਅਰਜ਼ੀ ਬਾਲਗ ਅਤੇ ਪੀ ਜੀ ਟੀ ਨੂੰ ਸਰਵ ਕੀਤੀ ਜਾਵੇਗੀ।

ਡਾਕਟਰੀ ਸਬੂਤਾਂ, ਰਿਸ਼ਤਿਆਂ ਦੀਆਂ ਸ਼ਰਤਾਂ ਜਾਂ ਕਮੇਟੀ ਨੂੰ ਦਿੱਤੀ ਜਾਣ ਵਾਲੇ ਅਧਿਕਾਰ ’ਤੇ ਸਿਫਾਰਸ਼ ਕੀਤੀਆਂ ਬੰਦਸ਼ਾਂ ਦੇ ਸੰਬੰਧ ਵਿਚ ਪੀ ਜੀ ਟੀ ਅਦਾਲਤ ਨੂੰ ਸਿਫਾਰਸ਼ਾਂ ਕਰੇਗਾ।

## ਅਦਾਲਤ ਦਾ ਆਰਡਰ

ਜੇ ਜੱਜ ਸੰਤੁਸ਼ਟ ਹੋਵੇ ਕਿ ਬਾਲਗ ਆਪਣੇ ਵਿੱਤੀ ਅਤੇ ਕਾਨੂੰਨੀ ਮਾਮਲੇ ਨਜਿੱਠਣ ਦੇ ਅਯੋਗ ਹੈ ਅਤੇ ਅਰਜ਼ੀਕਰਤਾ ਉਸ ਦੀ ਤਰਫੋਂ ਕਾਰਜ ਕਰਨ ਲਈ ਢੁਕਵਾਂ ਵਿਅਕਤੀ ਹੈ ਤਾਂ ਜੱਜ ਅਦਾਲਤੀ ਆਰਡਰ ਦੇਵੇਗਾ ਜਿਸ ਵਿਚ ਇਹ ਐਲਾਨ ਕੀਤਾ ਗਿਆ ਹੋਵੇਗਾ ਕਿ ਬਾਲਗ ਆਪਣੇ ਮਾਮਲਿਆਂ ਦਾ ਪ੍ਰਬੰਧ ਚਲਾਉਣ ਦੇ ਅਸਮਰੱਥ ਹੈ ਅਤੇ ਅਰਜ਼ੀਕਰਤਾ ਨੂੰ ਕਮੇਟੀ ਔਫ ਇਸਟੇਟ ਨਿਯੁਕਤ ਕਰੇਗਾ।

ਅਦਾਲਤ ਦਾ ਆਰਡਰ, ਬਾਲਗ ਦੀ ਤਰਫੋਂ ਫੈਸਲੇ ਕਰਨ ਲਈ ਕਮੇਟੀ ਦਾ ਅਧਿਕਾਰ ਹੈ।

ਆਰਡਰ ਵਿਚ ਕਮੇਟੀ ਦੀਆਂ ਤਾਕਤਾਂ 'ਤੇ ਬੰਦਸ਼ਾਂ ਸ਼ਾਮਲ ਹੋ ਸਕਦੀਆਂ ਹਨ।

ਕੈਨੇਡੀਅਨ ਬਾਰ ਐਸੋਸੀਏਸ਼ਨ (ਬੀ ਸੀ ਬਰਾਂਚ) ਲੌਈਅਰ ਰੈਫਰਲ ਸਰਵਿਸ ਦਿੰਦੀ ਹੈ ਜਿਹੜੀ ਕੋਈ ਅਜਿਹਾ ਵਕੀਲ ਲੱਭਣ ਵਿਚ ਮਦਦ ਕਰ ਸਕਦੀ ਹੈ ਜਿਹੜਾ ਅਰਜ਼ੀ ਦੀ ਇਸ ਕਿਸਮ ਨਾਲ ਸਿੱਝਣ ਵਿਚ ਤਜਰਬੇਕਾਰ ਹੁੰਦਾ ਹੈ। ਲੌਈਅਰ ਰੈਫਰਲ ਸਰਵਿਸਿਜ਼ ਅਤੇ ਸੰਪਰਕ ਜਾਣਕਾਰੀ ਲਈ ਇਸ ਗਾਈਡ ਦੇ ਅੰਤ 'ਤੇ ਮਦਦ ਕਰਨ ਵਾਲੇ ਲਿੰਕ ਵਿਚ "ਕੈਨੇਡੀਅਨ ਬਾਰ ਐਸੋਸੀਏਸ਼ਨ" ਦੇਖੋ।

ਆਮ ਤੌਰ 'ਤੇ ਅਦਾਲਤ, ਅਦਾਲਤੀ ਆਰਡਰ ਵਿਚ ਇਹ ਕਹੇਗੀ ਕਿ ਅਰਜ਼ੀ ਕਰਨ ਦੇ ਖਰਚੇ ਅਸਮਰੱਥ ਬਾਲਗ ਦੀ ਸੰਪਤੀ ਵਿੱਚੋਂ ਲਏ ਜਾ ਸਕਦੇ ਹਨ।

## ਕਮੇਟੀ ਔਫ ਇਸਟੇਟ ਦੇ ਫਰਜ਼ ਅਤੇ ਜ਼ਿੰਮੇਵਾਰੀਆਂ

ਕਮੇਟੀ ਲਈ ਬਾਲਗ ਦੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਦੀ ਪੂਰੀ ਜ਼ਿੰਮੇਵਾਰੀ ਚੁੱਕਣਾ ਜ਼ਰੂਰੀ ਹੈ। ਪਰ, ਕਮੇਟੀ ਤੋਂ ਬਾਲਗ ਦੀਆਂ ਇੱਛਾਵਾਂ ਨੂੰ ਵਿਚਾਰਨ ਅਤੇ ਉਨ੍ਹਾਂ ਦਾ ਆਦਰ ਕਰਨ ਦੀ ਉਮੀਦ ਵੀ ਰੱਖੀ ਜਾਂਦੀ ਹੈ। ਇਸ ਵਿਚ ਬਾਲਗ ਦੀ ਆਜ਼ਾਦੀ ਨੂੰ ਉਤਸ਼ਾਹ ਦੇਣਾ ਅਤੇ ਬਾਲਗ 'ਤੇ ਅਸਰ ਪਾਉਣ ਵਾਲੇ ਕਿਸੇ ਵੀ ਫੈਸਲੇ ਵਿਚ ਬਾਲਗ ਦੀ ਸ਼ਮੂਲੀਅਤ ਨੂੰ ਉਤਸ਼ਾਹ ਦੇਣਾ ਸ਼ਾਮਲ ਹੈ।

ਕਮੇਟੀ ਕੋਲ ਵਿਸ਼ਾਲ ਤਾਕਤਾਂ ਅਤੇ ਵਿਆਪਕ ਜ਼ਿੰਮੇਵਾਰੀਆਂ ਹਨ ਜਿਨ੍ਹਾਂ ਵਿਚ ਇਹ ਸ਼ਾਮਲ ਹਨ:

- ਬਾਲਗ ਦੀ ਸੰਪਤੀ ਅਤੇ ਆਮਦਨ ਦੀ ਪਛਾਣ ਕਰਨਾ ਅਤੇ ਇਸ ਨੂੰ ਸੁਰੱਖਿਅਤ ਕਰਨਾ
- ਬਾਲਗ ਦੇ ਖਰਚਿਆਂ ਅਤੇ ਦੇਣਦਾਰੀਆਂ ਦਾ ਖਿਆਲ ਰੱਖਣ ਲਈ ਇਕ ਬੱਜਟ ਬਣਾਉਣਾ
- ਇਹ ਪੱਕਾ ਕਰਨਾ ਕਿ ਬਾਲਗ ਦੀਆਂ ਕਾਨੂੰਨੀ ਜ਼ਿੰਮੇਵਾਰੀਆਂ ਪੂਰੀਆਂ ਕੀਤੀਆਂ ਜਾ ਰਹੀਆਂ ਹਨ
- ਇਨਕਮ ਟੈਕਸ ਦੀਆਂ ਸਾਰੀਆਂ ਰੀਟਰਨਾਂ ਤਿਆਰ ਕਰਨਾ, ਅਤੇ
- ਪੀ ਜੀ ਟੀ ਜਾਂ ਅਦਾਲਤ ਵਲੋਂ ਰਿਵੀਊ ਕੀਤੇ ਜਾਣ ਲਈ ਅਕਾਊਂਟਸ ਤਿਆਰ ਕਰਨਾ

ਜਦੋਂ ਲਾਗੂ ਹੁੰਦਾ ਹੋਵੇ, ਜੇ ਅਦਾਲਤ ਨੇ ਸੀਮਤ ਨਹੀਂ ਕੀਤੀਆਂ ਤਾਂ ਜ਼ਿੰਮੇਵਾਰੀਆਂ ਵਿਚ ਇਹ ਵੀ ਸ਼ਾਮਲ ਹਨ:

- ਬਾਲਗ ਲਈ ਪ੍ਰਾਪਰਟੀ ਖਰੀਦਣਾ ਜਾਂ ਵੇਚਣਾ ਜਦੋਂ ਇਹ ਉਸ ਦੇ ਬਿਹਤਰ ਹਿੱਤਾਂ ਵਿਚ ਹੋਵੇ
- ਕੌਨਟਰੈਕਟ ਕਰਨਾ
- ਚੱਲਦੇ ਕਾਰੋਬਾਰਾਂ ਨੂੰ ਚਲਾਉਣਾ
- ਬਾਲਗ ਦੀ ਤਰਫੋਂ ਮੁਕੱਦਮੇ ਕਰਨਾ ਜਾਂ ਸਫਾਈ ਪੱਖ ਬਣਨਾ

ਕਮੇਟੀ ਵਜੋਂ ਨਿਯੁਕਤ ਕੀਤੇ ਜਾਣ ਤੋਂ ਬਾਅਦ ਇਕ ਸਾਲ ਦੇ ਵਿਚ ਵਿਚ, ਇਸਟੇਟ ਦੀ ਵਿਸਥਾਰ ਵਿਚ ਅਕਾਊਂਟਿੰਗ ਪੀ ਜੀ ਟੀ ਕੋਲ ਦਰਜ ਕਰਵਾਈ ਜਾਣੀ ਜ਼ਰੂਰੀ ਹੈ।

ਫਿਰ ਪੀ ਜੀ ਟੀ ਵਲੋਂ ਰਿਪੋਰਟਿੰਗ ਦੇ ਬਾਅਦ ਦੇ ਵਕਫੇ ਦੱਸੇ ਜਾਂਦੇ ਹਨ ਅਤੇ ਇਹ ਇਕ ਤੋਂ ਪੰਜ ਸਾਲਾਂ ਤੱਕ ਵੱਖ ਵੱਖ ਹੋ ਸਕਦੇ ਹਨ, ਜੋ ਕਿ ਇਸਟੇਟ ਦੇ ਆਕਾਰ ਅਤੇ ਜਟਿਲਤਾ ਵਰਗੇ ਪੱਖਾਂ 'ਤੇ ਨਿਰਭਰ ਕਰਦਾ ਹੈ।

ਅੱਗੇ ਦਿੱਤੀ ਕਿਮ ਦੀ ਕਹਾਣੀ ਇਸ ਚੀਜ਼ ਦੀ ਇਕ ਉਦਾਹਰਣ ਦਿੰਦੀ ਹੈ ਕਿ ਕਮੇਟੀ ਔਫ ਇਸਟੇਟ ਦੀ ਕਦੋਂ ਲੋੜ ਹੈ ਅਤੇ ਇਹ ਕਿਵੇਂ ਕੰਮ ਕਰਦੀ ਹੈ।

***ਉਦਾਹਰਣ***

***ਕਿਮ***

*ਕਿਮ ਨਾਲ ਨਾ ਸੋਚੀ ਜਾਣ ਵਾਲੀ ਵਾਪਰੀ ਜਦੋਂ ਉਹ ਯੂਨੀਵਰਸਿਟੀ ਦੀ ਕਲਾਸ ਤੋਂ ਘਰ ਨੂੰ ਗੱਡੀ ਚਲਾ ਕੇ ਆ ਰਹੀ ਸੀ। ਇਕ ਤੇਜ਼ ਕਾਰ, ਜੋ ਕਿ ਵਨ ਵੇਅ ਸਟਰੀਟ 'ਤੇ ਗਲਤ ਪਾਸੇ ਜਾ ਰਹੀ ਸੀ, ਕਿਮ ਦੀ ਗੱਡੀ ਵਿਚ ਆ ਵੱਜੀ। ਕਿਮ ਦੇ ਬਹੁਤ ਸੱਟਾਂ ਲੱਗੀਆਂ।*

*ਭਾਵੇਂ ਕਿ ਉਸ ਦੀਆਂ ਟੁੱਟੀਆਂ ਹੱਡੀਆਂ ਠੀਕ ਹੋ ਗਈਆਂ, ਡਾਕਟਰਾਂ ਨੇ ਉਸ ਦੇ ਮਾਪਿਆਂ ਨੂੰ ਦੱਸਿਆ ਕਿ ਕਿਮ ਦੇ ਸਿਰ ਵਿਚ ਪੱਕੇ ਤੌਰ 'ਤੇ ਸੱਟ ਲੱਗੀ ਹੈ ਅਤੇ ਉਸ ਨੂੰ ਆਪਣੇ ਵਿੱਤੀ ਅਤੇ ਕਾਨੂੰਨੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਲਈ ਲਗਾਤਾਰ ਸਹਾਇਤਾ ਅਤੇ ਮਦਦ ਦੀ ਲੋੜ ਪਵੇਗੀ।*

*ਕਿਮ ਦੇ ਮਾਪਿਆਂ ਨੂੰ ਕਿਮ ਦੀ ਤਰਫੋਂ ਇਨਸ਼ੋਰੈਂਸ ਵਾਲਿਆਂ ਨਾਲ ਨਿਪਟਾਰੇ ਲਈ ਗੱਲਬਾਤ ਕਰਨ ਲਈ ਕਾਨੂੰਨੀ ਅਧਿਕਾਰ ਦੀ ਲੋੜ ਸੀ।*

*ਦਾਅਵੇ ਦੇ ਨਿਪਟ ਜਾਣ ਤੋਂ ਬਾਅਦ, ਉਨ੍ਹਾਂ ਨੂੰ ਉਸ ਦੇ ਫੰਡਾਂ ਦੇ ਪ੍ਰਬੰਧ ਲਈ ਵੀ ਕਾਨੂੰਨੀ ਅਧਿਕਾਰ ਦੀ ਲੋੜ ਸੀ, ਉਹਦੇ ਲਈ ਘਰ ਖਰੀਦਣ ਦੀ ਲੋੜ ਸੀ, ਅਤੇ ਇਹ ਪੱਕਾ ਕਰਨ ਦੀ ਲੋੜ ਸੀ ਕਿ ਉਸ ਦੀਆਂ ਵਿੱਤੀ ਲੋੜਾਂ ਪੂਰੀਆਂ ਹੋ ਰਹੀਆਂ ਹਨ।*

*ਆਪਣੀ ਧੀ ਦੀ ਮਦਦ ਲਈ ਲੋੜੀਂਦਾ ਕਾਨੂੰਨੀ ਅਧਿਕਾਰ ਲੈਣ ਲਈ ਕਿਮ ਦੇ ਮਾਪਿਆਂ ਨੇ ਉਸ ਦੀ ਇਸਟੇਟ ਦੀ ਸਾਂਝੀ ਕਮੇਟੀ ਬਣਨ ਲਈ ਅਦਾਲਤ ਕੋਲ ਅਪਲਾਈ ਕੀਤਾ।*

*ਅਜਿਹਾ ਕਰਦੇ ਹੋਏ, ਉਨ੍ਹਾਂ ਨੇ ਜਾਣਿਆ ਕਿ ਉਹ ਕਿਮ ਦੇ ਪੈਸੇ ਧੇਲੇ ਲਈ ਪੂਰੀ ਜ਼ਿੰਮੇਵਾਰੀ ਚੁੱਕ ਰਹੇ ਹੋਣਗੇ ਅਤੇ ਉਨ੍ਹਾਂ ਨੂੰ ਕਿਮ ਦੇ ਵਿੱਤੀ ਮਾਮਲਿਆਂ ਦੇ ਰਿਕਾਰਡ ਅਤੇ ਵਿਸਥਾਰ ਵਿਚ ਅਕਾਊਂਟ ਰੱਖਣ ਦੀ ਲੋੜ ਪਵੇਗੀ।*

*ਪੀ ਜੀ ਟੀ ਇਹ ਪੱਕਾ ਕਰਨ ਲਈ ਉਨ੍ਹਾਂ ਦੇ ਪ੍ਰਬੰਧ 'ਤੇ ਨਿਗਰਾਨੀ ਰੱਖੇਗਾ ਕਿ ਉਹ ਆਪਣੇ ਫਰਜ਼ ਪੂਰੇ ਕਰ ਰਹੇ ਹਨ।*

# ਜ਼ਿਆਦਾ ਜਾਣਕਾਰੀ ਲਈ

ਪੀ ਜੀ ਟੀ ਨੇ ਅਦਾਲਤ ਵਲੋਂ ਨਿਯੁਕਤ ਕੀਤੇ ਗਏ ਦੋਸਤਾਂ ਅਤੇ ਪਰਿਵਾਰ ਦੇ ਮੈਂਬਰਾਂ ਲਈ ਇਕ ***ਪ੍ਰਾਈਵੇਟ ਕਮੇਟੀ ਹੈਂਡਬੁੱਕ*** ਅਤੇ ਕਈ ਜਾਣਕਾਰੀ ਸ਼ੀਟਾਂ ਤਿਆਰ ਕੀਤੀਆਂ ਹਨ ਜਿਹੜੀਆਂ ਕਮੇਟੀ ਦੇ ਰੋਲ ਬਾਰੇ ਜ਼ਿਆਦਾ ਦੱਸਦੀਆਂ ਹਨ। ਇਹ ਕਮੇਟੀ ਦੇ ਫਰਜ਼ਾਂ, ਰਿਪੋਰਟ ਕਰਨ ਦੀਆਂ ਸ਼ਰਤਾਂ, ਅਤੇ ਮੁਆਵਜ਼ੇ ਲਈ ਕਮੇਟੀ ਦੀ ਹੱਕਦਾਰ 'ਤੇ ਪੂਰਾ ਵਿਚਾਰ ਕਰਦੀ ਹੈ।

ਪੀ ਜੀ ਟੀ ਨੇ ਇਕ ***ਤੱਥ ਸ਼ੀਟ – ਆਪਣੇ ਕਾਨੂੰਨੀ ਬਿੱਲ ਦਾ ਅਨੁਮਾਨ ਲਾਉਣਾ*** ਵੀ ਤਿਆਰ ਕੀਤੀ ਹੈ ਜਿਹੜੀ ਕਿ ਮਦਦ ਕਰਨ ਵਾਲੀ ਹੋ ਸਕਦੀ ਹੈ। ਇਹ ਸਾਮੱਗਰੀ, ਅਤੇ ਪ੍ਰਾਈਵੇਟ ਕਮੇਟੀ ਨਾਲ ਸੰਬੰਧਿਤ ਹੋਰ ਸਾਮੱਗਰੀ ਪੀ ਜੀ ਟੀ ਦੇ ਵੈੱਬਸਾਈਟ 'ਤੇ ਰਿਪੋਰਟਸ ਐਂਡ ਪਬਲੀਕੇਸ਼ਨ ਸੈਕਸ਼ਨ ਵਿਚ ਉਪਲਬਧ ਹੈ।

# ਕਮੇਟੀ ਔਫ ਇਸਟੇਟ ਵਜੋਂ ਪੀ ਜੀ ਟੀ

ਜੇ ਕੋਈ ਰਿਸ਼ਤੇਦਾਰ ਜਾਂ ਦੋਸਤ ਨਾ ਹੋਵੇ ਜੋ ਬਾਲਗ ਦੀ ਇਸੇਟਟ ਦੀ ਕਮੇਟੀ ਬਣਨ ਦਾ ਖਾਹਸ਼ਮੰਦ ਅਤੇ ਯੋਗ ਹੋਵੇ ਤਾਂ ਪੀ ਜੀ ਟੀ ਕਮੇਟੀ ਔਫ ਇਸਟੇਟ ਬਣਨ ਲਈ ਕਦਮ ਚੁੱਕ ਸਕਦਾ ਹੈ। ਪੀ ਜੀ ਟੀ ਨੂੰ ਦੋ ਤਰੀਕਿਆਂ ਵਿੱਚੋਂ ਇਕ ਨਾਲ ਨਿਯੁਕਤ ਕੀਤਾ ਜਾ ਸਕਦਾ ਹੈ:

ਅਦਾਲਤ ਤੋਂ ਇਹ ਆਰਡਰ ਲੈਣ ਲਈ ਇਕ ਅਰਜ਼ੀ ਦਿੱਤੀ ਜਾ ਸਕਦੀ ਹੈ ਕਿ ਬਾਲਗ ਆਪਣੇ ਵਿੱਤੀ ਮਾਮਲੇ ਨਜਿੱਠਣ ਦੇ ਅਸਮਰੱਥ ਹੈ ਅਤੇ ਪੀ ਜੀ ਟੀ ਨੂੰ ਕਮੇਟੀ ਔਫ ਇਸਟੇਟ ਨਿਯੁਕਤ ਕੀਤਾ ਜਾਵੇ

ਸੂਬਾਈ ਸਿਹਤ ਅਥਾਰਟੀ ਤੋਂ ਕੋਈ ਅਧਿਕਾਰਤ ਵਿਅਕਤੀ ਅਸਮਰੱਥਾ ਦਾ ਸਰਟੀਫਿਕੇਟ ਜਾਰੀ ਕਰ ਸਕਦਾ ਹੈ ਜਿਹੜਾ ਕਿ ਇਹ ਕਹਿੰਦਾ ਹੈ ਕਿ ਬਾਲਗ ਆਪਣੇ ਵਿੱਤੀ ਮਾਮਲੇ ਨਜਿੱਠਣ ਦੇ ਅਸਮਰੱਥ ਹੈ।

ਜ਼ਿਆਦਾ ਜਾਣਕਾਰੀ ਲਈ ਪੀ ਜੀ ਟੀ ਦੀ ਲਿਖਤ ***ਜਦੋਂ ਪਬਲਿਕ ਗਾਰਡੀਅਨ ਅਤੇ ਟਰੱਸਟੀ ਕਮੇਟੀ ਹੁੰਦਾ ਹੈ*** ਦੇਖੋ।

# ਅਸਮਰੱਥਾ ਦੀਆਂ ਅਸੈੱਸਮੈਂਟਾਂ ਨੂੰ ਚੁਣੌਤੀ ਦੇਣਾ ਅਤੇ ਰੀਅਸੈੱਸਮੈਂਟਾਂ

ਕਦੇ ਕਦੇ ਬਾਲਗ ਅਸਮਰੱਥਾ ਦੀ ਅਸੈੱਸਮੈਂਟ ਨੂੰ ਚੁਣੌਤੀ ਦੇਣਾ ਚਾਹ ਸਕਦਾ ਹੈ। ਜਾਂ ਬਾਲਗ ਭਵਿੱਖ ਵਿਚ ਸਮਰੱਥ ਹੋ ਸਕਦਾ ਹੈ ਅਤੇ ਉਸ ਦੀ ਸਮਰੱਥਾ ਦਾ ਪਤਾ ਲਾਉਣ ਲਈ ਰੀਅਸੈੱਸਮੈਂਟ ਕਰਨ ਦੀ ਲੋੜ ਹੋ ਸਕਦੀ ਹੈ। ਬਾਲਗ ਲਈ ਇਹ ਜਾਣਨਾ ਮਹੱਤਵਪੂਰਨ ਹੈ ਕਿ ਇਹ ਚੋਣਾਂ ਉਪਲਬਧ ਹਨ। ਅਸਮਰੱਥਾ ਦੀ ਅਸੈੱਸਮੈਂਟ ਨੂੰ ਚੁਣੌਤੀ ਦੇਣ ਖਾਤਰ ਕਾਨੂੰਨੀ ਸਹਾਇਤਾ ਲੈਣ ਜਾਂ ਰੀਅਸੈੱਸਮੈਂਟ ਦਾ ਤਾਲਮੇਲ ਕਰਨ ਲਈ ਕਮੇਟੀ ਔਫ ਇਸਟੇਟ ਨੂੰ ਬਾਲਗ ਦੀ ਮਦਦ ਕਰਨ ਦੀ ਲੋੜ ਪੈ ਸਕਦੀ ਹੈ।

## ਨੌਮੀਨੇਸ਼ਨ ਔਫ ਕਮੇਟੀ

**ਨੌਮੀਨੇਸ਼ਨ ਔਫ ਕਮੇਟੀ** (ਕਮੇਟੀ ਦੀ ਨਿਯੁਕਤੀ) ਇਕ ਕਾਨੂੰਨੀ ਪੇਪਰ ਹੈ ਜੋ ਕਿ ਬਾਲਗ ਵਲੋਂ ਤਿਆਰ ਕੀਤਾ ਜਾਂਦਾ ਹੈ ਅਤੇ ਇਸ 'ਤੇ ਵਸੀਅਤ ਵਾਂਗ ਦਸਖਤ ਹੁੰਦੇ ਹਨ ਅਤੇ ਗਵਾਹੀ ਪੈਂਦੀ ਹੈ।

ਨਿਯੁਕਤੀ ਬਾਲਗ ਨੂੰ ਇਹ ਚੋਣ ਕਰਨ ਦਿੰਦੀ ਹੈ ਕਿ ਅਦਾਲਤ ਕਿਸ ਨੂੰ ਨਿਯੁਕਤ ਕਰੇਗੀ ਜੇ ਕਮੇਟੀ ਦੀ ਕਦੇ ਲੋੜ ਪੈਂਦੀ ਹੈ।

ਨਿਯੁਕਤ ਕੀਤੇ ਗਏ ਵਿਅਕਤੀ ਲਈ ਨਿਯੁਕਤੀ ਨੂੰ ਪ੍ਰਵਾਨ ਕਰਨਾ ਜ਼ਰੂਰੀ ਨਹੀਂ ਹੈ ਇਸ ਕਰਕੇ ਬਾਲਗ ਇਸ ਬਾਰੇ ਅਗਾਊਂ ਗੱਲਬਾਤ ਕਰਨਾ ਚਾਹੁੰਦਾ ਹੋ ਸਕਦਾ ਹੈ, ਸਮੇਤ ਇਸ ਚੀਜ਼ ਦੇ ਕਿ ਇਹ ਕਿੱਥੇ ਰੱਖੀ ਜਾਵੇਗੀ ਅਤੇ ਹੋਰ ਜ਼ਰੂਰੀ ਪੇਪਰ ਕਿੱਥੋਂ ਲੱਭੇ ਜਾ ਸਕਦੇ ਹਨ।

ਜੇ ਕਮੇਟੀ ਦੀ ਭਵਿੱਖ ਵਿਚ ਲੋੜ ਪੈਂਦੀ ਹੈ ਤਾਂ ਉਹ ਵਿਅਕਤੀ ਨਿਯੁਕਤੀ (ਨੌਮੀਨੇਸ਼ਨ) ਵਕੀਲ ਨੂੰ ਦੇਵੇਗਾ ਜੋ ਕਿ ਅਦਾਲਤ ਨੂੰ ਕੀਤੀ ਗਈ ਅਰਜ਼ੀ ਵਿਚਲੇ ਹੋਰ ਪੇਪਰਾਂ ਨਾਲ ਇਸ ਨੂੰ ਲਗਾਏਗਾ। ਵਕੀਲ ਨਿਯੁਕਤੀ ਸਾਂਭ ਸਕਦਾ ਹੈ, ਅਕਸਰ ਬਾਲਗ ਦੀ ਵਸੀਅਤ ਦੇ ਨਾਲ।

ਬਾਲਗ ਪੀ ਜੀ ਟੀ ਨੂੰ ਇਹ ਵੀ ਦੱਸ ਸਕਦਾ ਹੈ ਕਿ ਨਿਯੁਕਤੀ ਬਣਾਈ ਗਈ ਹੈ ਪਰ ਪੀ ਜੀ ਟੀ ਅਸਲੀ ਨਿਯੁਕਤੀਆਂ ਕੋਲ ਨਹੀਂ ਰੱਖਦਾ।

**ਨੌਮੀਨੇਸ਼ਨ ਔਫ ਕਮੇਟੀ** ਈ ਪੀ ਓ ਏ ਜਾਂ ਫਾਇਨੈਂਸ਼ਲ ਆਰ ਏ 7 ਤੋਂ ਇਲਾਵਾ ਬੈਕਅੱਪ ਦੇ ਤੌਰ 'ਤੇ ਵੀ ਤਿਆਰ ਕੀਤੀ ਜਾ ਸਕਦੀ ਹੈ ਤਾਂ ਜੋ ਇਸ ਦੀ ਵਰਤੋਂ ਕੀਤੀ ਜਾ ਸਕੇ ਜੇ ਅਟਾਰਨੀ ਜਾਂ ਨੁਮਾਇੰਦਾ ਕੰਮ ਨਾ ਕਰ ਸਕੇ। ਇਹ ਈ ਪੀ ਓ ਏ ਜਾਂ ਫਾਇਨੈਂਸ਼ਲ ਆਰ ਏ 7 ਦੀ ਥਾਂ 'ਤੇ ਵੀ ਬਣਾਈ ਜਾ ਸਕਦੀ ਹੈ। ਇਹ ਬਾਲਗ ਦੀ ਚੋਣ ਹੈ।

# ਈ. ਜਦੋਂ ਬੁਰੇ ਵਰਤਾਉ, ਅਣਗਹਿਲੀ ਜਾਂ ਸਵੈ-ਅਣਗਹਿਲੀ ਬਾਰੇ ਤੁਹਾਡੇ ਫਿਕਰ ਹੋਣ

ਜੇ ਤੁਹਾਨੂੰ ਬਾਲਗ ਦੀ ਸਰੀਰਕ ਸੁਰੱਖਿਆ ਨੂੰ ਫੌਰੀ ਖਤਰੇ ਦੀ ਸ਼ੱਕ ਪਵੇ ਤਾਂ 911 – ਪੁਲੀਸ ਐਮਰਜੰਸੀ ਨੰਬਰ ਨੂੰ ਫੋਨ ਕਰੋ।

ਜੇ ਤੁਹਾਨੂੰ ਇਹ ਫਿਕਰ ਹੋਵੇ ਕਿ ਕਿਸੇ ਬਾਲਗ ਨਾਲ ਬੁਰਾ ਵਰਤਾਉ ਹੋਇਆ ਹੈ ਜਾਂ ਉਸ ਪ੍ਰਤੀ ਅਣਗਿਹਲੀ ਵਰਤੀ ਜਾ ਰਹੀ ਹੈ, ਜਾਂ ਬਾਲਗ ਸਵੈ-ਅਣਗਹਿਲੀ ਕਰ ਰਿਹਾ ਹੈ ਅਤੇ ਆਪਣੇ ਆਪ ਸਹਾਇਤਾ ਅਤੇ ਮਦਦ ਲੈਣ ਦੇ ਅਸਮਰੱਥ ਹੈ ਤਾਂ ਤੁਸੀਂ ਕਿਸੇ "ਨਿਯੁਕਤ ਏਜੰਸੀ" ਕੋਲ ਗੁਪਤ ਰਿਪੋਰਟ ਕਰ ਸਕਦੇ ਹੋ।

ਬੀ ਸੀ ਵਿਚ "ਨਿਯੁਕਤ ਏਜੰਸੀਆਂ" ਪੰਜ ਇਲਾਕਾਈ ਸਿਹਤ ਅਥਾਰਟੀਆਂ, ਪ੍ਰੌਵੀਡੈਂਸ ਹੈਲਥ ਕੇਅਰ (ਵੈਨਕੂਵਰ ਦੇ ਕੁਝ ਹਸਪਤਾਲਾਂ ਵਿਚ) ਅਤੇ ਕਮਿਊਨਟੀ ਲਿਵਿੰਗ ਬੀ ਸੀ ਹਨ। ਜੇ ਕਿਸੇ ਨਿਯੁਕਤ ਏਜੰਸੀ ਨੂੰ ਰਿਪੋਰਟ ਮਿਲਦੀ ਹੈ ਤਾਂ ਇਹ ਪੜਤਾਲ ਕਰੇਗੀ ਅਤੇ ਬਾਲਗ ਨੂੰ ਆਸਰਾ ਅਤੇ ਮਦਦ ਦੇਵੇਗੀ, ਜਾਂ ਜੇ ਲੋੜ ਹੋਵੇ ਤਾਂ ਬਾਲਗ ਦੀ ਰੱਖਿਆ ਲਈ ਕਦਮ ਚੁੱਕੇਗੀ। ਖਾਸ ਹਾਲਤਾਂ ਵਿਚ, ਇਸ ਵਿਚ ਪੁਲੀਸ ਨੂੰ ਰਿਪੋਰਟ ਕਰਨਾ ਵੀ ਸ਼ਾਮਲ ਹੋ ਸਕਦਾ ਹੈ। ਨਿਯੁਕਤ ਏਜੰਸੀਆਂ ਦੀ ਲਿਸਟ ਲਈ, http://www.trustee.bc.ca/Documents/designated-agency-responders/DA%20responders%20list%20revised%20July%2016%2009.pdf 'ਤੇ ਪੀ ਜੀ ਟੀ ਦਾ ਵੈੱਬਸਾਈਟ ਦੇਖੋ।

ਜੇ ਤੁਸੀਂ ਕਿਸੇ ਅਜਿਹੇ ਬਾਲਗ ਬਾਰੇ ਫਿਕਰਮੰਦ ਹੋਵੋ ਜਿਹੜਾ ਦਿਮਾਗੀ ਤੌਰ 'ਤੇ ਅਸਮਰੱਥ ਅਤੇ ਆਪਣੇ ਵਿੱਤੀ ਮਾਮਲੇ ਨਜਿੱਠਣ ਦੇ ਅਯੋਗ ਹੋ ਸਕਦਾ ਹੈ ਤਾਂ ਤੁਸੀਂ ਪੀ ਜੀ ਟੀ ਨੂੰ ਰਿਪੋਰਟ ਕਰ ਸਕਦੇ ਹੋ ਜੇ ਕੋਈ ਖਾਸ, ਜ਼ਰੂਰੀ ਜਾਂ ਫੌਰੀ ਲੋੜ ਹੋਵੇ ਅਤੇ ਕੋਈ ਹੋਰ ਢੁਕਵਾਂ ਵਿਅਕਤੀ ਨਹੀਂ ਹੈ ਜਿਸ ਕੋਲ ਬਾਲਗ ਦੀ ਤਰਫੋਂ ਕਾਰਜ ਕਰਨ ਦਾ ਅਧਿਕਾਰ ਹੈ ਅਤੇ ਉਹ ਇਹ ਅਧਿਕਾਰ ਵਰਤਣ ਦਾ ਖਾਹਸ਼ਮੰਦ ਅਤੇ ਯੋਗ ਹੈ।

ਜਿੱਥੇ ਇਹ ਫਿਕਰ ਹੋਣ ਕਿ ਅਸਮਰੱਥ ਬਾਲਗ ਲਈ ਕੋਈ ਕਮੇਟੀ, ਨੁਮਾਇੰਦਾ ਜਾ ਪੌਵਰ ਔਫ ਅਟਾਰਨੀ ਆਪਣੇ ਫਰਜ਼ ਪੂਰੇ ਨਹੀਂ ਕਰ ਰਿਹਾ ਤਾਂ ਪੀ ਜੀ ਟੀ ਨੂੰ ਰਿਪੋਰਟ ਕੀਤੀ ਜਾ ਸਕਦੀ ਹੈ। ਪੀ ਜੀ ਟੀ ਪੜਤਾਲ ਕਰ ਸਕਦਾ ਹੈ ਅਤੇ ਇਹ ਫੈਸਲਾ ਕਰ ਸਕਦਾ ਹੈ ਕਿ ਕੀ ਗੈਰਰਸਮੀ ਚੋਣਾਂ ਫਿਕਰ ਦਾ ਹੱਲ ਕਰ ਸਕਦੀਆਂ ਹਨ ਜਾਂ ਨਹੀਂ ਜਾਂ ਕੀ ਬਾਲਗ ਦੇ ਵਿੱਤੀ ਮਾਮਲਿਆਂ ਦਾ ਪ੍ਰਬੰਧ ਚਲਾਉਣ ਲਈ ਕਮੇਟੀ ਔਫ ਇਸਟੇਟ ਦੀ ਲੋੜ ਹੈ ਜਾਂ ਨਹੀਂ।

ਜੇ ਬਾਲਗ ਦੀ ਸੰਪਤੀ ਨੂੰ ਫੌਰੀ ਖਤਰਾ ਹੋਵੇ ਤਾਂ ਪ੍ਰਾਪਰਟੀ ਦੀ ਵਿਕਰੀ ਨੂੰ ਰੋਕਣ ਲਈ ਜਾਂ ਕਿਸੇ ਵਿੱਤੀ ਸੰਸਥਾ ਵਿੱਚੋਂ ਪੈਸੇ ਕਢਾਉਣ ਨੂੰ ਰੋਕਣ ਲਈ ਪੀ ਜੀ ਟੀ ਆਪਣੀਆਂ ਐਮਰਜੰਸੀ ਤਾਕਤਾਂ ਵਰਤਣ ਦੇ ਯੋਗ ਹੋ ਸਕਦਾ ਹੈ।

## ਜ਼ਿਆਦਾ ਜਾਣਕਾਰੀ ਲਈ

ਇਸ ਚੀਜ਼ ਬਾਰੇ ਜ਼ਿਆਦਾ ਜਾਣਕਾਰੀ ਲੈਣ ਲਈ ਕਿ ਪੀ ਜੀ ਟੀ ਨੂੰ ਰਿਪੋਰਟ ਕਿਵੇਂ ਕਰਨੀ ਹੈ, ਇਸ ਗਾਈਡ ਦੇ ਅੰਤ 'ਤੇ **ਮਦਦ ਕਰਨ ਵਾਲੇ ਲਿੰਕ** ਵਾਲੇ ਭਾਗ ਵਿਚ **ਪਬਲਿਕ ਗਾਰਡੀਅਨ ਐਂਡ ਟਰੱਸਟੀ** ਦੇਖੋ। ਨਿਯੁਕਤ ਏਜੰਸੀਆਂ ਅਤੇ ਉਨ੍ਹਾਂ ਨਾਲ ਸੰਪਰਕ ਕਰਨ ਬਾਰੇ ਜਾਣਕਾਰੀ ਲਈ ਪੀ ਜੀ ਟੀ ਦੀ ਲਿਖਤ ***ਬਾਲਗਾਂ ਨੂੰ ਬੁਰੇ ਵਰਤਾਉ, ਅਣਗਹਿਲੀ ਅਤੇ ਸਵੈ-ਅਣਗਹਿਲੀ ਤੋਂ ਬਚਾਉਣਾ*** ਦੇਖੋ।

# ਮਦਦ ਕਰਨ ਵਾਲੇ ਲਿੰਕ

## ਪਬਲਿਕ ਗਾਰਡੀਅਨ ਐਂਡ ਟਰੱਸਟੀ

www.trustee.bc.ca

**ਅਸੈੱਸਮੈਂਟ ਅਤੇ ਪੜਤਾਲ ਦੀ ਸੇਵਾਵਾਂ**
http://www.trustee.bc.ca/services/services-to-adults/Pages/assessment-and-investigation-services.aspx
ਇਹ ਪੇਜ ਪਬਲਿਕ ਗਾਰਡੀਅਨ ਐਂਡ ਟਰੱਸਟੀ ਵਿਖੇ ਉਪਲਬਧ ਪੜਤਾਲ ਦੀਆਂ ਸੇਵਾਵਾਂ ਬਾਰੇ ਦੱਸਦਾ ਹੈ। ਇਹ ਰੈਫਰਲ ਫਾਰਮਾਂ ਅਤੇ ਨਿਯੁਕਤ ਏਜੰਸੀਆਂ ਨਾਲ ਲਿੰਕ ਵੀ ਸ਼ਾਮਲ ਕਰਦਾ ਹੈ।

**ਨਿੱਜੀ ਪਲੈਨਿੰਗ**
http://www.trustee.bc.ca/services/services-to-adults/Pages/personal-planning.aspx
ਇਹ ਪੇਜ ਜਾਣਕਾਰੀ ਦੇਣ ਵਾਲੇ ਕਈ ਬਰੌਸ਼ਰਾਂ ਨਾਲ ਲਿੰਕ ਪ੍ਰਦਾਨ ਕਰਦਾ ਹੈ। ਟਾਈਟਲਾਂ ਵਿਚ ਸ਼ਾਮਲ ਹਨ: *ਇਟਸ ਯੂਅਰ ਚੋਆਇਸ – ਪਰਸਨਲ ਪਲੈਨਿੰਗ ਟੂਲਜ਼; ਪ੍ਰੋਟੈਕਟਿੰਗ ਅਡੱਲਟਸ ਫਰੌਮ ਅਬਿਊਜ਼, ਨੈਗਲੈਕਟ ਐਂਡ ਸੈਲਫ ਨੈਗਲੈਕਟ; ਵੈਨ ਦਾ ਪਬਲਿਕ ਗਾਰਡੀਅਨ ਐਂਡ ਟਰੱਸਟੀ ਇਜ਼ ਕਮੇਟੀ।* ਕਈ ਹੋਰ ਭਾਸ਼ਾਵਾਂ ਵਿਚ ਵੀ ਉਪਲਬਧ ਹਨ।

**ਲਿਖਤਾਂ**
http://www.trustee.bc.ca/reports-and-publications/Pages/default.aspx
ਇਹ ਪੇਜ ਪੀ ਜੀ ਟੀ ਪ੍ਰਾਈਵੇਟ ਕਮੇਟੀ ਹੈਂਡਬੁੱਕ, ਤੱਥ ਸ਼ੀਟਾਂ ਅਤੇ ਹੋਰ ਲਿਖਤਾਂ ਨਾਲ ਲਿੰਕ ਪ੍ਰਦਾਨ ਕਰਦਾ ਹੈ।

## ਬੀ ਸੀ ਸਰਕਾਰ ਦਾ ਬਜ਼ੁਰਗਾਂ ਨਾਲ ਬੁਰੇ ਵਰਤਾਉ ਬਾਰੇ ਵੈੱਬਸਾਈਟ

**ਹੈਲਪ ਸਟਾਰਟ ਹੇਅਰ: ਇਨਫਰਮੇਸ਼ਨ ਔਨ ਅਬਿਊਜ਼ ਐਂਡ ਨੈਗਲੈਕਟ ਔਫ ਓਲਡਰ ਅਡੱਲਟਸ**
www.pssg.gov.bc.ca/victimservices/publications/docs/help-starts-here-abuse-neglect-older-adult.pdf
ਇਹ ਪੇਜ ਬੁਰੇ ਵਰਤਾਉ ਦੀਆਂ ਨਿਸ਼ਾਨੀਆਂ, ਮਿਲਦੇ ਵਸੀਲਿਆਂ, ਅਤੇ ਕਿਸੇ ਸਿਆਣੇ ਬਾਲਗ ਨਾਲ ਹੁੰਦੇ ਬੁਰੇ ਵਰਤਾਉ ਬਾਰੇ ਫਿਕਰਮੰਦ ਹੋਣ ’ਤੇ ਚੁੱਕੇ ਜਾਣ ਵਾਲੇ ਕਦਮਾਂ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ।

www.seniorsbc.ca/elder/
ਇਹ ਪੇਜ ਵਿੱਤੀ ਬੁਰੇ ਵਰਤਾਉ ਤੋਂ ਰੋਕਥਾਮ, ਬੁਰਾ ਵਰਤਾਉ ਕਰਨ ਵਾਲੀਆਂ ਠੱਗੀਆਂ ਅਤੇ ਖਪਤਕਾਰਾਂ ਦੀ ਰੱਖਿਆ ਬਾਰੇ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਵਸੀਲਿਆਂ ਨਾਲ ਲਿੰਕ ਵੀ ਪ੍ਰਦਾਨ ਕਰਦਾ ਹੈ।

www.healthlinkbc.ca/healthfiles/hfile93d.stm
ਇਹ ਪੇਜ ਬਜ਼ੁਰਗਾਂ ਨਾਲ ਵਿੱਤੀ ਬੁਰੇ ਵਰਤਾਉ ਬਾਰੇ ਅੰਗਰੇਜ਼ੀ, ਚੀਨੀ, ਫਰਾਂਸੀਸੀ, ਪੰਜਾਬੀ, ਸਪੇਨੀ ਅਤੇ ਵੀਅਤਨਾਮੀ ਵਿਚ ਜਾਣਕਾਰੀ ਪ੍ਰਦਾਨ ਕਰਦਾ ਹੈ। ਇਹ ਜ਼ਿਆਦਾ ਜਾਣਕਾਰੀ ਲਈ ਵਸੀਲਿਆਂ ਦੀ ਲਿਸਟ ਵੀ ਦਿੰਦਾ ਹੈ।

# ਬੀ ਸੀ ਮਨਿਸਟਰੀ ਔਫ ਜਸਟਿਸ

**ਪਲੈਨਿੰਗ ਫਾਰਮ**
www.ag.gov.bc.ca/incapacity-planning/
ਇਹ ਪੇਜ ਉਨ੍ਹਾਂ ਫਾਰਮਾਂ ਨਾਲ ਲਿੰਕ ਪ੍ਰਦਾਨ ਕਰਦਾ ਹੈ ਜਿਹੜੇ ਨੁਮਾਇੰਦਗੀ ਦੇ ਐਗਰੀਮੈਂਟਾਂ ਅਤੇ ਇੰਡੁਅਰਿੰਗ ਪੌਵਰਜ਼ ਔਫ ਅਟਾਰਨੀ ਲਈ ਵਰਤੇ ਜਾ ਸਕਦੇ ਹਨ। ਇਸ ਉੱਪਰ ਕਾਨੂੰਨ ਅਤੇ ਨਿਯਮਾਂ ਨਾਲ ਵੀ ਲਿੰਕ ਹਨ।

# ਨਿਦੁਸ ਪਰਸਨਲ ਪਲੈਨਿੰਗ ਰੀਸੋਰਸ ਸੈਂਟਰ ਅਤੇ ਰਜਿਸਟਰੀ

www.nidus.ca
ਨਿਦੁਸ ਜਨਤਕ ਸਿਖਿਆ ਅਤੇ ਜਾਣਕਾਰੀ ਅਤੇ ਨਿੱਜੀ ਪਲੈਨਿੰਗ ਦੇ ਪੇਪਰਾਂ ਲਈ ਵਾਲੰਟੀਅਰੀ ਰਜਿਸਟਰੀ ਪੇਸ਼ ਕਰਦੀ ਹੈ। ਇਹ ਨੁਮਾਇੰਦਗੀ ਦੇ ਐਗਰੀਮੈਂਟ ਬਣਾਉਣ ਲਈ ਫਾਰਮ ਅਤੇ ਹਿਦਾਇਤ ਗਾਈਡਾਂ ਵੀ ਪ੍ਰਦਾਨ ਕਰਦੀ ਹੈ।

# ਫੈਡਰਲ ਪੈਨਸ਼ਨ ਟਰੱਸਟੀ ਲਈ ਸਰਵਿਸ ਕੈਨੇਡਾ ਲਿੰਕ

**ਟਰੱਸਟੀ**
www.hrsdc.gc.ca/cgi-bin/search/eforms/index.cgi?app=prfl&frm=isp3506cpp&ln=eng

**ਡਾਕਟਰ ਦਾ ਸਰਟੀਫਿਕੇਟ**
www.hrsdc.gc.ca/cgi-bin/search/eforms/index.cgi?app=profile&form=isp3505cpp&lang=e

**ਮਦਦ ਅਤੇ ਫਾਰਮਾਂ ਦੇ ਮੇਲਿੰਗ ਐਡਰੈਸ ਲਈ**
www.servicecanada.gc.ca/cgi-bin/search/eforms/index.cgi?app=content&dsp=returnispcpp&ln=eng

# ਕੈਨੇਡੀਅਨ ਬਾਰ ਐਸੋਸੀਏਸ਼ਨ

**ਡਾਇਲ–ਏ–ਲਾਅ ਲਿਖਤਾਂ ਅਤੇ ਆਡੀਓ**
www.cba.org/BC/Public_Media/dal/default.aspx

**ਲੌਈਅਰ ਰੈਫਰਲ ਸਰਵਿਸ**
604.687.3221 ਜਾਂ ਬੀ ਸੀ ਵਿਚ ਟੋਲ ਫ੍ਰੀ 1.800.663.1919
www.cba.org/BC/Public_Media/main/lawyer_referral.aspx

# ਪਬਲਿਕ ਗਾਰਡੀਅਨ ਐਂਡ ਟਰੱਸਟੀ ਨਾਲ ਸੰਪਰਕ ਕਰੋ

### ਗਰੇਟਰ ਵੈਨਕੂਵਰ ਰੀਜਨਲ ਆਫਿਸ

700–808 West Hastings Street
Vancouver, BC V6C 3L3

ਫੋਨ 604.775.1001
ਫੈਕਸ 604.660.9498
ਈਮੇਲ STA@trustee.bc.ca

### ਇਨਟੀਰੀਅਰ – ਨੌਰਥ ਰੀਜਨਲ ਆਫਿਸ

1345 St. Paul Street
Kelowna, BC V1Y 2E2

ਫੋਨ 250.712.7576
ਫੈਕਸ 250.712.7578
ਈਮੇਲ STA@trustee.bc.ca

### ਵੈਨਕੂਵਰ ਆਈਲੈਂਡ ਰੀਜਨਲ ਆਫਿਸ

1215 Broad Street
Victoria, BC V8W 2A4

ਫੋਨ 250.356.8160
ਫੈਕਸ 250.356.7442
ਈਮੇਲ STA@trustee.bc.ca

**ਪੀ ਜੀ ਟੀ ਦੇ ਦਫਤਰ ਦੇ ਸਮੇਂ ਸੋਮਵਾਰ ਤੋਂ ਸ਼ੁਕਰਵਾਰ ਤੱਕ ਸਵੇਰ ਦੇ 8:30 ਤੋਂ ਬਾਅਦ ਦੁਪਹਿਰ 4:30 ਵਜੇ ਤੱਕ**

### ਦੂਰੋਂ ਮੁਫਤ ਕਾਲਿੰਗ

ਦੂਰੋਂ ਮੁਫਤ ਕਾਲਿੰਗ ਸਰਵਿਸ ਬੀ ਸੀ ਦੇ ਰਾਹੀਂ ਉਪਲਬਧ ਹੈ।
ਆਪਣੇ ਏਰੀਏ ਲਈ ਢੁਕਵਾਂ ਨੰਬਰ ਡਾਇਲ ਕਰਨ ਤੋਂ ਬਾਅਦ (ਹੇਠਾਂ ਦੇਖੋ)
**ਪਬਲਿਕ ਗਾਰਡੀਅਨ ਐਂਡ ਟਰੱਸਟੀ** ਵੱਲ ਬਦਲੇ ਜਾਣ ਲਈ ਬੇਨਤੀ ਕਰੋ।

ਵੈਨਕੂਵਰ 604.660.2421
ਵਿਕਟੋਰੀਆ 250.387.6121
ਬੀ ਸੀ ਵਿਚ ਹੋਰ ਇਲਾਕੇ 1.800.663.7867
ਈਮੇਲ webmail@trustee.bc.ca

www.trustee.bc.ca



December 2014